# *ਸਪੈਸ਼ਲ ਐਜੂਕੇਸ਼ਨ ਰਾਇਟਸ ਔਫ ਪੇਰੈਂਟਸ ਐਂਡ ਚਿਲਡਰਅੈਂਡਰ ਦਾ ਇੰਡੀਵਿਜੁਅਲਜ਼ ਵਿਧ ਡਿਸਅਬਿਲਿਟੀਜ਼ ਐਜੂਕੇਸ਼ਨ ਐਕਟ, ਪਾਰਟ ਬੀ 2004 ਰੀਔਥਰਾਈਜ਼ੇਸ਼ਨ*

(ਮਾਪਿਆਂ ਅਤੇ ਬੱਚਿਆਂ ਦੇ ਸਪੇਸ਼ਲ ਐਜੂਕੇਸ਼ਨ ਦੇ ਹੱਕ ਜੋ 2004 ਵਿੱਚ ਡਿਸਅਬਿਲਟੀ ਵਾਲੇ ਵਿਅਕਤੀਆਂ ਦੀ ਸਿਖਿਆ ਸਬੰਧੀ ਐਕਟ, ਬੀ ਹਿਸੇ ਦੇ ਤਹਿਤ ਦੁਬਾਰਾ ਮਨਜ਼ੂਰ ਕੀਤੇ ਗਏ)

## ਨੋਟਿਸ ਔਫ ਪ੍ਰੋਸੀਜਰੱਲ ਸੇਫਗਾਰਡਜ਼ ਐਂਡ ਪੇਰੈਂਟ ਰਾਈਟਸ

## (ਮਾਪਿਆਂ ਦੇ ਹੱਕ ਅਤੇ ਬਚਾਓ ਦੇ ਸਾਧਨਾ ਦੀ ਕਾਰਜ-ਪ੍ਰਣਾਲੀ ਦੇ ਅਧਿਨਿਯਮਾਂ ਬਾਰੇ ਨੋਟਿਸ)

---

ਨੋਟ: ਇਸ ਦਸਤਾਵੇਜ਼ ਵਿੱਚ *ਲੋਕਲ ਐਜੂਕੇਸ਼ਨ ਏਜੈਂਸੀ* (ਐਲ ਈ ਏ)ਸ਼ਬਦ ਲੋਕਲ(ਸਥਾਨਿਕ) ਸਕੂਲ ਡਿਸਟ੍ਰਿਕਟ ਲਈ ਪ੍ਰਯੋਗ ਕੀਤਾ ਗਿਆ ਹੈ।

### ਪ੍ਰੋਸੀਜਰਲ ਸੇਫਗਾਰਡਜ਼ ਦੀ ਸੂਚਨਾ ਕੀ ਹੈ?

ਇਹ ਨੋਟਿਸ(ਸੂਚਨਾਪੱਤਰ) ਤਿੰਨ ਸਾਲ ਤੋਂ 21 ਸਾਲਾਂ ਦੇ ਡਿਸਏਬਲ ਬੱਚਿਆਂ ਦੇ ਮਾਪਿਆਂ, ਲੀਗਲ ਗਾਰਡੀਅਨਾਂ, ਅਤੇ ਸਰੋਗੇਟ ਮਾਪਿਆਂ ਨੂੰ ਉਨ੍ਹਾਂ ਦੇ ਬੱਚਿਆਂ ਦੇ ਸਿਖਿਅਕ ਹੱਕ ਦੀ ਰੂਪ-ਰੇਖਾ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ, ਜਿਸ ਨੂੰ ਪ੍ਰੋਸੀਜਰਲ ਸੇਫਗਾਰਡਜ਼ (ਬਚਾਉ ਦੇ ਸਾਧਨਾਂ ਦੀ ਕਾਰਜ-ਪ੍ਰਣਾਲੀ) ਆਖਦੇ ਹਨ। ਇਹ ਨੋਟਿਸ ਉਨ੍ਹਾਂ ਵਿੱਦਿਆਰਥੀਆਂ ਨੂੰ ਵੀ ਦਿੱਤਾ ਜਾਂਦਾ ਹੈ ਜੋ 18 ਸਾਲ ਦੀ ਉਮਰ ਤੇ ਇਹ ਹੱਕ ਪ੍ਰਾਪਤ ਕਰਨ ਦੇ ਹੱਕਦਾਰ ਹਨ।

ਇੰਡੀਵਿਜੁਅਲਜ਼ ਵਿਧ ਡਿਸਅਬਿਲਿਟੀਜ਼ ਐਜੂਕੇਸ਼ਨ ਐਕਟ(IDEA) (ਡਿਸਅਬਿਲਟੀ ਵਾਲੇ ਵਿਅਕਤੀਆਂ ਦੀ ਸਿਖਿਆ ਸਬੰਧੀ ਐਕਟ) ਦੇ ਅਨੁਸਾਰ ਇਹ ਜਰੂਰੀ ਹੈ ਕਿ ਆਪਜੀ ਲਈ ਪ੍ਰਦਾਨ ਕੀਤਾ ਜਾਵੇ:

- ਆਪ ਕਾਪੀ ਲਈ ਕਦੋਂ ਪੁਛ ਸਕਦੇ ਹੋ;
- ਪਹਿਲੀ ਵਾਰੀ ਆਪਜੀ ਦੇ ਬੱਚੇ ਲਈ ਸਪੈਸ਼ਲ ਐਜੂਕੇਸ਼ਨ ਅਸੈਸਮੈਂਟ ਦਾ ਸੰਕੇਤ ਦਿੱਤਾ ਗਿਆ ਹੋਵੇ;
- ਹਰੇਕ ਵਾਰੀ ਆਪਜੀ ਦੇ ਬੱਚੇ ਦਾ ਮੁਲਾਂਕਣ ਕਰਨ ਲਈ ਅਸੈਸਮੈਂਟ ਦੀ ਯੋਜਨਾ ਹੋਵੇ;
- ਉਹ ਸਟੇਟ ਵਲੋਂ ਮਿਥੀ ਹੋਈ ਚੋਣ ਦੀ ਕਸਵਟੀ ਦੀ ਲੋੜ ਪੂਰੀ ਕਰਦਾ ਹੈ;
- ਜਦੋਂ ਪ੍ਰੋਗਰਾਮ ਵਿੱਚ ਪਲੇਸਮੈਂਟ ਬਦਲਾਓ ਕਰਕੇ ਆਪਜੀ ਦੇ ਬੱਚੇ ਨੂੰ ਪ੍ਰੋਗਰਾਮ ਵਿੱਚੋਂ ਬਾਹਰ ਕਰਨ ਲਈ ਫੈਸਲਾ ਕੀਤਾ ਗਿਆ ਹੋਵੇ

### ਇੰਨਡਵਿਜੂਅਲ ਡਿਸਅਬਿਲਿਟੀਜ਼ ਐਜੂਕੇਸ਼ਨ ਐਕਟ (IDEA) ਕੀ ਹੈ?

ਇੰਨਡਵਿਜੂਅਲ ਡਿਸਅਬਿਲਿਟੀਜ਼ ਐਜੂਕੇਸ਼ਨ ਐਕਟ ਇੱਕ ਫੈਡਰਲ ਕਾਨੂੰਨ ਹੈ ਜੋ ਸਕੂਲ ਡਿਸਟ੍ਰਿਕਟਾਂ ਨੂੰ " ਫਰੀ ਐਪਰੋਪਰੀਏਟ ਪਬਲਿਕ ਅਜੂਕੇਸ਼ਨ" (FAPE) ਡਿਸਏਬਲ ਬੱਚਿਆਂ ਨੂੰ ਸੇਵਾਵਾਂ ਪ੍ਰਦਾਨ ਕਰਦਾ ਹੈ। **FAPE** ਦਾ ਭਾਵ ਹੈ ਫਰੀ, ਢੁੱਕਵੀਂ ਪਬਲਿਕ ਐਜੂਕੇਸ਼ਨ ਦੀਆਂ ਉਹ ਸੇਵਾਵਾਂ ਜੋ ਕਿ ਸਿਖਿਆ ਦੇ ਵਿਅਕਤਿਕ ਪ੍ਰੋਗਰਾਮ ਆਈ ਈ ਪੀ (IEP) ਵਿੱਚ ਆਪਜੀ ਦੇ ਬੱਚੇ ਲਈ ਪਬਲਿਕ ਸੁਪਰਵਿਜ਼ਨ ਦੇ ਤਹਿਤ ਬਿਨਾ ਕਿਸੇ ਖਰਚੇ ਤੋਂ ਪੇਸ਼ ਕੀਤੀਆਂ ਗਈਆਂ ਹਨ।

### ਕੀ ਮੈਂ ਆਪਣੇ ਬੱਚੇ ਦੀ ਸਿੱਖਿਆ ਸਬੰਧੀ ਫੈਸਲੇ ਵਿੱਚ ਸ਼ਾਮਲ ਹੋ ਸਕਦਾ/ਸਕਦੀ ਹਾਂ?

ਜੀ ਹਾਂ। ਆਪ ਜੀ ਇਸ ਟੀਮ ਦੇ ਮਹੱਤਵਪੂਰਨ ਮੈਂਬਰ ਹੋ। ਆਪਜੀ ਦੇ ਬੱਚੇ ਦੇ ਸਪੈਸ਼ਲ ਐਜੂਕੇਸ਼ਨ ਪ੍ਰੋਗਰਾਮ ਦੀਆਂ ਮੀਟਿੰਗਾਂ ਵਿੱਚ ਕੋਈ ਵੀ ਮਹੱਤਵਪੂਰਨ ਫੈਸਲਾ ਕਰਨ ਵਿੱਚ ਆਪ ਜੀ ਨੂੰ ਸ਼ਾਮਲ ਹੋਣ ਦਾ ਪੂਰਾ ਹੱਕ ਦਿੱਤਾ ਜਾਵੇਗਾ। ਆਪਜੀ ਨੂੰ ਆਈ ਈ ਪੀ ਟੀਮ ਮੀਟਿੰਗਾਂਵਿੱਚ ਆਉਣ ਦਾ ਪੂਰਾ ਹੱਕ ਹੈ ਜਿਨ੍ਹਾ ਵਿੱਚ ਆਪਜੀ ਦੇ ਬੱਚੇ ਲਈ ਪਛਾਣ, ਮੁਲਾਂਕਣ, ਸਿੱਖਿਆ ਲਈ ਪਲੇਸਮੈਂਟ ਜਾਂ ਹੋਰ ਕੋਈ ਵਿਚਾਰ ਜੋ ਆਪਜੀ ਦੇ ਬੱਚੇ ਦੇ "ਫਰੀ ਐਪਰੋਪਰੀਏਟ ਪਬਲਿਕ ਅਜੂਕੇਸ਼ਨ" (FAPE) ਨਾਲ ਸਬੰਧਿਤ ਹੋਵੇ।

ਮਾਪਿਆਂ, ਗਾਰਡੀਅਨਜ਼, ਜਾਂ ਸਕੂਲ ਡਿਸਟ੍ਰਿਕਟ ਨੂੰ ਆਈ ਈ ਪੀ ਦੀ ਡੀਵੈਲਪਮੈਂਟ ਮੀਟਿੰਗ ਵਿੱਚ, ਆਈ ਈ ਪੀ ਦੇ ਟੀਮ ਵਿਚਾਰਾਂ ਨੂੰ ਆਡੀਓ-ਟੇਪ ਵਿੱਚ ਰਿਕਾਰਡ ਕਰਨ ਦਾ ਅਧਿਕਾਰ ਹੈ। ਮਾਪਿਆਂ ਜਾਂ ਗਾਰਡੀਅਨਜ਼ ਨੂੰ ਘੱਟ ਤੋਂ ਘੱਟ 24 ਘੰਟੇ ਪਹਿਲਾਂ ਆਈ ਈ ਪੀ ਟੀਮ ਨੂੰ ਇਸ ਰਿਕਾਰਡਿੰਗ ਬਾਰੇ ਦੱਸਣਾ ਚਾਹੀਦਾ ਹੈ। ਜੇਕਰ ਮਾਪੇ ਆਈ ਈ ਪੀ ਟੀਮ ਨੂੰ 24 ਘੰਟੇ ਪਹਿਲਾਂ ਆਡੀਓ-ਟੇਪ ਰਿਕਾਰਡਿੰਗ ਬਾਰੇ ਸੂਚਿਤ ਨਹੀਂ ਕਰਦੇ ਤਾਂ ਉਹ ਮੀਟਿੰਗ ਨੂੰ ਆਡੀਓ-ਟੇਪ ਰਿਕਾਰਡ ਨਹੀਂ ਕਰ ਸਕਦੇ।

ਆਪਜੀ ਦੇ ਅਧਿਕਾਰਾਂ ਵਿੱਚ ਫਰੀ ਐਪਰੋਪਰੀਏਟ ਪਬਲਿਕ ਅਜੂਕੇਸ਼ਨ" (FAPE) ਦੀ ਸਹੂਲਤ ਬਾਰੇ ਜਾਣਕਾਰੀ, ਜਿਸ ਵਿੱਚ ਸਾਰੀਆਂ ਪ੍ਰੋਗਰਾਂਮ ਆਪਸ਼ਨਾ, ਅਤੇ ਸਾਰੇ ਆਲਟਰਨੇਟਿਵ ਪ੍ਰੋਗਰਾਂਮ, ਪਬਲਿਕ ਅਤੇ ਨਾਨਪਬਲਿਕ ਪ੍ਰੋਗਰਾਂਮ ਸ਼ਾਮਲ ਹਨ।

### ਮੈਂ ਹੋਰ ਮਦਦ ਕਦੋਂ ਲੈ ਸਕਦਾ ਹਾਂ?

ਜਦੋਂ ਆਪਜੀ ਨੇ ਆਪਣੇ ਬੱਚੇ ਦੀ ਸਿੱਖਿਆ ਬਾਰੇ ਕੁਝ ਪੁਛਣਾ ਹੋਵੇ, ਇਹ ਬਹੁਤ ਹੀ ਮਹੱਤਵਪੂਰਨ ਹੈ ਕਿ ਆਪ ਆਪਣੇ ਬੱਚੇ ਦੇ ਟੀਚਰ ਜਾਂ ਪ੍ਰਬੰਧਕ ਨਾਲ, ਕਿਸੇ ਵੀ ਪ੍ਰਾਬਲਮ ਬਾਰੇ ਗੱਲ ਕਰੋ। ਸਟਾਫ ਜਾਂ ਡਿਸਟ੍ਰਿਕਟ ਦਾ ਕੋਈ ਵੀ ਪ੍ਰਬੰਧਕ ਆਪਜੀ ਦੇ ਆਪਣੇ ਬੱਚੇ ਦੀ ਸਿੱਖਿਆ ਸਬੰਧੀ ਪ੍ਰਸ਼ਨਾ ਦਾ ਉੱਤਰ ਦੇ ਸਕਦਾ ਹੈ, ਅਤੇ ਆਪਜੀ ਦੇ ਅਧਿਕਾਰਾਂ, ਅਤੇ ਪ੍ਰੋਸੀਜ਼ਰਲ ਸੇਫਗਾਰਡ ਬਾਰੇ ਜਾਣਕਾਰੀ ਦੇ ਸਕਦਾ ਹੈ। ਇਸੇ ਤਰਾਂ ਜਦੋਂ ਵੀ ਆਪਨੂੰ ਕਿਸੇ ਤਰਾਂ ਦਾ ਕੋਈ ਫ਼ਿਕਰ ਜਾਂ ਚਿੰਤਾ ਹੋਵੇ ਤਾਂ ਇਹ ਖੁੱਲੀ ਕੰਮਿਉਨੀਕੇਸ਼ਨ ਮਦਦਗਾਰ ਸਿੱਧ ਹੁੰਦੀ ਹੈ। ਇਸ ਸੂਚਨਾ ਪੱਤਰ ਦੇ ਅਖੀਰ ਵਿੱਚ ਆਪਜੀ ਨੂੰ ਹੋਰ ਵੀ ਸਾਧਨ ਮਿਲਣਗੇ ਜੋ ਇਸ ਸੂਚਨਾ ਪੱਤਰ ਨੂੰ ਸਮਝਣ ਵਿੱਚ ਮਦਦਗਾਰ ਹੋਣਗੇ।

## ਨੋਟਿਸ, ਕੰਨਸੈਂਟ(ਸਹਿਮਤੀ), ਅਸੈਸਮੈਂਟ, ਸਾਰੋਗੇਟ ਮਾਪੇ, ਨਿਯੁਕਤੀ, ਅਤੇ ਰਿਕਾਰਡਾਂ ਤੱਕ ਪਹੁੰਚ

### ਲਿਖਤੀ ਨੋਟਿਸ ਤੋਂ ਪਹਿਲਾਂ

### ਨੋਟਿਸ ਦੀ ਲੋੜ ਕਦੋਂ ਪੈਂਦੀ ਹੈ?

ਇਹ ਨੋਟਿਸ ਉਸ ਵੇਲੇ ਭੇਜਿਆ ਜਾਣਾ ਜਰੂਰੀ ਹੈ ਜਦੋਂ ਲੋਕਲ (ਸਥਾਨਕ) ਐਜੂਕੇਸ਼ਨ ਏਜੰਸੀ ਆਪਜੀ ਦੇ ਬੱਚੇ ਦੀਆਂ ਸਪੈਸ਼ਲ ਲੋੜਾਂ ਦੀ ਪਛਾਣ ਕਰੇ ਜਾਂ ਪਛਾਨਣ ਤੋਂ ਇਨਕਾਰ ਕਰੇ, ਅਸੈਸਮੈਂਟ ਜਾਂ ਸਿੱਖਿਆ ਸਬੰਧੀ ਪਲੇਸਮੈਂਟ ਕਰੇ ਜਾਂ "ਫਰੀ ਐਪਰੋਪਰੀਏਟ ਪਬਲਿਕ ਐਜੂਕੇਸ਼ਨ ਦਾ ਪ੍ਰਬੰਧ ਕਰੇ। ਇਹ ਨੋਟਿਸ ਇਸ ਕਰਕੇ ਵੀ ਆਪਜੀ ਨੂੰ ਭੇਜਿਆ ਜਾ ਸਕਦਾ ਹੈ ਜਦੋਂ ਆਪਜੀ ਵੱਲੋਂ ਸਪੈਸ਼ਲ ਐਜੂਕੇਸ਼ਨ ਅਤੇ ਇਸ ਤਰਾਂ ਦੀਆਂ ਹੋਰ ਸੇਵਾਵਾਂ ਨੂੰ ਰੱਦ ਕੀਤਾ ਜਾਵੇ ਅਤੇ ਆਪਣੇ ਬੱਚੇ ਨੂੰ ਸਪੈਸ਼ਲ ਐਜੂਕੇਸ਼ਨ ਵਿੱਚੋਂ ਹਟਾ ਲਿਆ ਜਾਵੇ।

ਇਹ ਨੋਟਿਸ ਭੇਜਣ ਦੀ ਲੋੜ ਉਦੋਂ ਪੈਂਦੀ ਹੈ ਜਦੋਂ ਲੋਕਲ (ਸਥਾਨਕ) ਐਜੂਕੇਸ਼ਨ ਏਜੰਸੀ ਆਪਜੀ ਦੇ ਬੱਚੇ ਦੀਆਂ ਸਪੈਸ਼ਲ ਲੋੜਾਂ ਅਨੁਸਾਰ ਸਿੱਖਿਅਕ ਪਲੇਸਮੈਂਟ ਦੀ ਸਲਾਹ ਦਿੰਦਾ ਹੈਣ ਇਨਕਾਰ ਕਰਦਾ ਹੈ, ਮੁਲਾਂਕਣ (ਅਸੈਸਮੈਂਟ) ਕਰਦਾ ਹੈ ਜਾਂ ਫਰੀ ਐਪਰੋਪਰੀਏਟ ਪਬਲਿਕ ਐਜੂਕੇਸ਼ਨ ਦੀਆਂ ਸੇਵਾਵਾਂ ਦਾ ਪ੍ਰਬੰਧ ਕਰਦਾ ਹੈ। ਇਹ ਨੋਟਿਸ ਭੇਜਣ ਦੀ ਲੋੜ ਉਦੋਂ ਵੀ ਪੈਂਦੀ ਹੈ ਜਦੋਂ ਆਪ ਆਪਣੇ ਵਿਦਿਆਰਥੀ ਲਈ ਸਪੈਸ਼ਲ ਐਜੂਕੇਸ਼ਨ ਅਤੇ ਇਸ ਤਰਾਂ ਦੀਆਂ ਹੋਰ ਸੇਵਾਵਾਂ ਨੂੰ ਰੱਦ ਕਰਦੇ ਹੋ ਅਤੇ ਆਪਣੇ ਬੱਚੇ ਨੂੰ ਇਸ ਪ੍ਰੋਗਰਾਮ ਵਿੱਚੋਂ ਹਟਾ ਲੈਂਦੇ ਹੋ।

ਲੋਕਲ (ਸਥਾਨਕ) ਐਜੂਕੇਸ਼ਨ ਏਜੰਸੀ ਨੂੰ ਆਪਜੀ ਦੇ ਬੱਚੇ ਦੇ ਮੁਲਾਂਕਣ ਬਾਰੇ ਸਲਾਹ ਨੂੰ ਲਿਖਤੀ ਰੂਪ ਵਿੱਚ ਭੇਜਣਾ ਚਾਹੀਦਾ ਹੈ ਜਾਂ ਆਪਜੀ ਵੱਲੋਂ ਕੀਤੀ ਗਈ ਮੁਲਾਂਕਣ ਦੀ ਬੇਨਤੀ ਦੇ 15 ਦਿਨਾ ਦੇ ਵਿੱਚ-ਵਿੱਚ ਮੁਲਾਂਕਣ ਦੀ ਯੋਜਨਾ ਬਾਰੇ ਦੱਸਣਾ ਚਾਹੀਦਾ ਹੈ। ਇਹ ਨੋਟਿਸ ਸਮਝਣ ਯੋਗ ਅਤੇ ਆਪਜੀ ਦੀ ਮੁਢਲੀ ਭਾਸ਼ਾ ਵਿੱਚ ਹੋਣਾ ਚਾਹੀਦਾ ਹੈ, ਜਾਂ ਜਦੋਂ ਤੱਕ ਇਸ ਤਰਾਂ ਨਾ ਹੋ ਸਕੇ ਤਾਂ ਕੰਮਿਊਨੀਕੇਸ਼ਨ ਦੇ ਕਿਸੇ ਹੋਰ ਤਰੀਕੇ ਨਾਲ ਹੋਣਾ ਚਾਹੀਦਾ ਹੈ।

ਆਪਜੀ ਨੂੰ ਇਹ ਨੋਟਿਸ ਦਿੱਤਾ ਜਾਵੇਗਾ ਜੇਕਰ ਲੋਕਲ (ਸਥਾਨਕ) ਐਜੂਕੇਸ਼ਨ ਏਜੰਸੀ ਆਪਜੀ ਵੱਲੋਂ ਉੱਪਰ ਲਿਖੇ ਅਨੁਸਾਰ ਕੀਤੀ ਗਈ ਬੇਨਤੀ ਨੂੰ ਠੁਕਰਾਂਉਦਾ ਹੈ।

### ਨੋਟਿਸ ਵਿੱਚ ਕੀ ਹੋਵੇਗਾ?

ਪਹਿਲੇ ਲਿਖਤੀ ਨੋਟਿਸ ਵਿੱਚ ਹੇਠ ਲਿਖੀਆਂ ਗੱਲਾਂ ਹੋਣੀਆਂ ਜਰੂਰੀ ਹਨ:

1) ਸਕੂਲ ਵੱਲੋਂ ਮਸ਼ਵਰਾ ਦਿੱਤੀਆਂ ਅਤੇ ਇਨਕਾਰੀਆਂ ਗਤੀਵਿਧੀਆਂ ਦਾ ਵਿਸਥਾਰ;
2) ਵਿਸਥਾਰ ਨਾਲ ਦੱਸਣਾ ਕਿ ਇਹਨਾ ਗਤੀਵਿਧੀਆਂ ਦੀ ਸਲਾਹ ਕਿਉ ਦਿੱਤੀ ਗਈ ਅਤੇ ਕਿਉ ਇਨਕਾਰੀ ਗਈਆਂ;
3) ਹਰੇਕ ਅਸੈਸਮੈਂਟ ਦੀ ਕਾਰਜਪ੍ਰਣਾਲੀ, ਰਿਕਾਰਡ ਜਾਂ ਵਰਤੀ ਗਈ ਏਜੰਸੀ ਨੂੰ ਰਿਪੋਰਟ ਕਰਨਾ ਕਿ ਇਹਨਾ ਗਤੀਵਿਧੀਆਂ ਦਾ ਮਸ਼ਵਰਾ ਕਿਉ ਦਿੱਤਾ ਗਿਆ ਅਤੇ ਕਿਉ ਇਨਕਾਰਿਆ ਗਿਆ;
4) ਇੱਕ ਬਿਆਨ ਕਿ ਡਿਸਅਬਿਲਿਟੀ ਵਾਲੇ ਬੱਚੇ ਦੇ ਮਾਪਿਆਂ ਦੀ ਸੁਰੱਖਿਆ ਪ੍ਰੋਸੀਜ਼ਰਲ ਸੇਫਗਾਰਡ ਵਿੱਚ ਹੈ;
5) ਮਾਪਿਆਂ ਲਈ ਇਸ ਹਿੱਸੇ ਨੂੰ ਸਮਝਣ ਅਤੇ ਸਹਾਇਤਾ ਪ੍ਰਾਪਤ ਕਰਨ ਲਈ ਸਾਧਨ;
6) ਹੋਰ ਸਾਧਨਾ ਦੀ ਵਿਆਖਿਆ ਜੋ ਆਈ ਈ ਪੀ ਟੀਮ ਨੇ ਦੱਸੇ ਹਨ ਅਤੇ ਕਾਰਨ ਕਿ ਉਹ ਸਾਧਨ ਕਿਉ ਇਨਕਾਰੇ ਗਏ;
7) ਕਿਸੇ ਵੀ ਹੋਰ ਸਾਧਨ ਦੀ ਵਿਆਖਿਆ ਕਿ ਇਹਨਾ ਗਤੀਵਿਧੀਆਂ ਦਾ ਮਸ਼ਵਰਾ ਕਿਉ ਦਿੱਤਾ ਗਿਆ ਅਤੇ ਕਿਉ ਇਨਕਾਰ ਕੀਤਾ ਗਿਆ।

### ਇਹ ਨੋਟਿਸ ਮੈਨੂੰ ਕਿਵੇਂ ਦਿੱਤਾ ਜਾਵੇਗਾ?

ਬਹੁਤੀ ਵਾਰੀ ਆਪਜੀ ਨੂੰ ਲਿਖਤੀ ਨੋਟਿਸ ਡਾਕ ਰਾਹੀਂ ਜਾਂ ਲੋਕਲ (ਸਥਾਨਕ) ਐਜੂਕੇਸ਼ਨ ਏਜੰਸੀ ਦੇ ਕਿਸੇ ਸਟਾਫ਼ ਕ੍ਰਮਚਾਰੀ ਰਾਹੀਂ ਭੇਜਿਆ ਜਾਂਦਾ ਹੈ।

### ਮਾਪਿਆਂ ਵੱਲੋਂ ਸਹਿਮਤੀ

### ਮੇਰੇ ਵੱਲੋਂ ਅਸੈਸਮੈਂਟ ਲਈ ਮਨਜ਼ੂਰੀ ਦੀ ਕਦੋਂ ਲੋੜ ਹੈ?

ਆਪਜੀ ਨੂੰ ਪੂਰਾ ਅਧਿਕਾਰ ਹੈ ਕਿ ਆਪ ਆਪਣੇ ਬੱਚੇ ਲਈ ਅਪੈਸ਼ਲ ਐਜੂਕੇਸ਼ਨ ਦੀਆਂ ਸੇਵਾਵਾਂ ਦੀ ਸਲਾਹ ਦੇ ਸਕਦੇ ਹੋ। ਆਪਜੀ ਦੇ ਬੱਚੇ ਦੀ ਪਹਿਲੀ ਸਪੈਸ਼ਲ ਐਜੂਕੇਸ਼ਨ ਅਸੈਸਮੈਂਟ ਕਰਨ ਤੋਂ ਪਹਿਲਾਂ ਆਪਜੀ ਦੀ ਸਹਿਮਤੀ ਜ਼ਰੂਰੀ ਹੈ। ਅਸੈਸਮੈਂਟ ਦਾ ਨਤੀਜਾ ਆਪਜੀ ਨੂੰ ਮਿਲਣ ਤੋਂ ਬਾਅਦ, ਮਾਪੇ ਹੋਣ ਦੇ ਨਾਤੇ ਆਪਜੀ ਕੋਲ 15 ਦਿਨ ਦਾ ਸਮਾਂ ਫੈਸਲਾ ਕਰਨ ਲਈ ਹੁੰਦਾ ਹੈ। ਸਹਿਮਤੀ ਤੋਂ ਬਾਅਦ ਅਸੈਸਮੈਂਟ ਉਸੇ ਵੇਲੇ ਸ਼ੁਰੂ ਹੋ ਸਕਦੀ ਹੈ ਅਤੇ ਪੂਰੀ ਹੋਣੀ ਜ਼ਰੂਰੀ ਹੈ, ਅਤੇ ਇੱਕ ਆਈ ਈ ਪੀ ਆਪਜੀ ਦੀ ਸਹਿਮਤੀ ਦੇ 60 ਦਿਨਾ ਦੇ ਅੰਦਰ ਹੋਣੀ ਜ਼ਰੂਰੀ ਹੈ, ਪਰ ਇਹ ਸਕੂਲੀ ਛੁਟੀਆ ਦੇ 5 ਦਿਨਾ ਤੋਂ ਵੱਧ ਦਿਨਾ ਨੂੰ ਇਸ ਸਮੇਂ ਵਿੱਚ ਨਹੀਂ ਗਿਣੇਗੀ।

### ਇਹਨਾ ਸੇਵਾਵਾਂ ਲਈ ਮੇਰੀ ਸਹਿਮਤੀ ਦੀ ਕਦੋਂ ਜ਼ਰੂਰਤ ਹੈ?

ਲੋਕਲ (ਸਥਾਨਕ) ਐਜੂਕੇਸ਼ਨ ਏਜੰਸੀ ਵੱਲੋਂ ਆਪਜੀ ਦੇ ਬੱਚੇ ਨੂੰ ਸਪੈਸ਼ਲ ਐਜੂਕੇਸ਼ਨ ਵਿੱਚ ਪਾਉਣ ਅਤੇ ਸ਼ੁਰੂ ਕਰਨ ਤੋਂ ਪਹਿਲਾਂ ਆਪਜੀ ਵੱਲੋਂ ਲਿਖਤੀ ਸਹਿਮਤੀ ਜ਼ਰੂਰੀ ਹੈ। ਆਪਜੀ ਦੇ ਬੱਚੇ ਨੂੰ ਸਪੈਸ਼ਲ ਐਜੂਕੇਸ਼ਨ ਦੀਆਂ ਸੇਵਾਵਾਂ ਪ੍ਰਾਰੰਭ ਕਰਨ ਤੋਂ ਪਹਿਲਾਂ ਆਪਜੀ ਵੱਲੋਂ ਸਹਿਮਤੀ ਦੇਣੀ ਜ਼ਰੂਰੀ ਹੈ।

### ਕੀ ਮੈਂ ਸਹਿਮਤੀ ਦੇਣ ਤੋਂ ਇਨਕਾਰ ਕਰ ਸਕਦਾ/ਸਕਦੀ ਹਾਂ?

ਜੀ ਹਾਂ, ਮਾਪੇ ਹੋਣ ਦੇ ਨਾਤੇ ਆਪਜੀ ਆਪਣੇ ਬੱਚੇ ਦੀ ਮੁਢਲੀ ਅਸੈਸਮੈਂਟ ਅਤੇ ਦੁਬਾਰਾ ਅਸੈਸਮੈਂਟ ਨੂੰ ਪ੍ਰਵਾਨਗੀ ਦੇਣ ਤੋਂ ਇਨਕਾਰ ਕਰ ਸਕਦੇ ਹੋ। ਆਪਜੀ ਸਪੈਸ਼ਲ ਐਜੂਕੇਸ਼ਨ ਵਿੱਚ ਮੁਢਲੀ ਪਲੇਸਮੈਂਟ ਲਈ ਪ੍ਰਵਾਨਗੀ ਤੋਂ ਇਨਕਾਰ ਕਰ ਸਕਦੇ ਹੋ।

### ਜਦੋਂ ਆਪਜੀ ਮਾਪੇ ਹੋਣ ਦੇ ਨਾਤੇ ਆਪਣੀ ਸਹਿਮਤੀ ਦੇਣ ਤੋਂ ਇਨਕਾਰ ਕਰਦੇ ਹੋ ਤਾਂ ਕਾਰਜਪ੍ਰਣਾਲੀ ਕੀ ਹੈ?

ਜਦੋਂ ਆਪ ਮੁਢਲੀ ਅਸੈਸਮੈਂਟ ਲਈ ਇਨਕਾਰ ਕਰਦੇ ਹੋ ਜਾਂ ਸਕੂਲ ਵੱਲੋਂ ਕੀਤੀ ਗਈ ਬੇਨਤੀ ਨੂੰ ਨਜ਼ਰ ਅੰਦਾਜ਼ ਕਰਦੇ ਹੋ ਤਾਂ ਲੋਕਲ (ਸਥਾਨਕ) ਐਜੂਕੇਸ਼ਨ ਏਜੰਸੀ ਮੁਢਲੀ ਅਸੈਸਮੈਂਟ ਕਰਨ ਲਈ ਯੋਗ ਕਾਰਜਪ੍ਰਣਾਲੀ ਦੀ ਵਰਤੋਂ ਕਰ ਸਕਦੀ ਹੈ।

ਜੇਕਰ ਆਪ ਸਪੈਸ਼ਲ ਐਜੂਕੇਸ਼ਨ ਦੀਆਂ ਸੇਵਾਵਾਂ ਲੈਣ ਤੋਂ ਇਨਕਾਰ ਕਰਦੇ ਹੋ ਤਾਂ ਲੋਕਲ (ਸਥਾਨਕ) ਐਜੂਕੇਸ਼ਨ ਏਜੰਸੀ ਸਪੈਸ਼ਲ ਐਜੂਕੇਸ਼ਨ ਅਤੇ ਇਸ ਨਾਲ ਸਬੰਧਿਤ ਹੋਰ ਸੇਵਾਵਾਂ ਪ੍ਰਦਾਨ ਨਹੀਂ ਕਰੇਗਾ। ਲੋਕਲ (ਸਥਾਨਕ) ਐਜੂਕੇਸ਼ਨ ਏਜੰਸੀ ਯੋਗ ਕਾਰਜਪ੍ਰਣਾਲੀ ਰਾਹੀਂ ਵੀ ਇਹ ਸੇਵਾਵਾਂ ਪ੍ਰਦਾਨ ਕਰਨ ਬਾਰੇ ਨਹੀਂ ਸੋਚ ਸਕਦੀ।

ਜੇਕਰ ਆਪ ਜੀ ਲਿਖਤੀ ਰੂਪ ਵਿੱਚ ਆਪਣੇ ਬੱਚੇ/ਬੱਚੀ ਲਈ ਸਪੈਸ਼ਲ ਐਜੂਕੇਸ਼ਨ ਅਤੇ ਇਸ ਨਾਲ ਹੋਰ ਸਬੰਧਿਤ ਸੇਵਾਵਾਂ ਲਈ ਰਾਜ਼ੀ ਹੁੰਦੇ ਹੋ ਪਰ ਆਈ ਈ ਪੀ ਦੇ ਸਾਰੇ ਅੰਸ਼ਾਂ ਨਾਲ ਸਹਿਮਤ ਨਹੀਂ ਹੋ, ਪਰ ਜਿਹਨਾ ਨਾਲ ਆਪ ਸਹਿਮਤ ਹੋ, ਉਹ ਹਿੱਸੇ ਬਿਨਾ ਕਿਸੇ ਦੇਰੀ ਦੇ ਲਾਗੂ ਕੀਤੇ ਜਾਣਗੇ।

ਜੇਕਰ ਲੋਕਲ (ਸਥਾਨਕ) ਐਜੂਕੇਸ਼ਨ ਏਜੰਸੀ ਇਹ ਫੈਸਲਾ ਕਰਦਾ ਹੈ ਕਿ ਸਪੈਸ਼ਲ ਐਜੂਕੇਸ਼ਨ ਦੇ ਉਹ ਅੰਸ਼ ਜਿਹਨਾ ਲਈ ਆਪਜੀ ਨੇ ਅਸਹਿਮਤੀ ਪ੍ਰਗਟਾਈ ਹੈ ਕਿ ਆਪਜੀ ਦੇ ਬੱਚੇ/ਬੱਚੀ ਲਈ ਫਰੀ ਐਪਰੋਪਰੀਏਟ ਐਜੂਕੇਸ਼ਨ ਦੀ ਲੋੜ ਨਹੀਂ ਹੈ ਤਾਂ ਲੋਕਲ (ਸਥਾਨਕ) ਐਜੂਕੇਸ਼ਨ ਏਜੰਸੀ ਇੱਕ ਹੀਅਰਿੰਗ ਦਾ ਪ੍ਰਬੰਧ ਕਰੇਗੀ, ਅਤੇ ਇਸ ਹੀਅਰਿੰਗ ਵਿੱਚ ਲਿਆ ਗਿਆ ਫੈਸਲਾ ਆਖਰੀ ਹੋਵੇਗਾ ਅਤੇ ਲਾਗੂ ਹੋਵੇਗਾ।

ਦੁਬਾਰਾ ਮੁਲਾਂਕਣ ਕਰਨ ਦੀ ਲੋੜ ਵਿੱਚ, ਲੋਕਲ (ਸਥਾਨਕ) ਐਜੂਕੇਸ਼ਨ ਏਜੰਸੀ ਨੂੰ ਕੋਈ ਖਾਸ ਕਾਰਨ ਲਿਖ ਕੇ ਆਪਜੀ ਦੀ ਸਹਿਮਤੀ ਲੈਣੀ ਪਵੇਗੀ। ਜੇਕਰ ਆਪਜੀ ਇਸ ਬੇਨਤੀ ਨੂੰ ਨਜ਼ਰ ਅੰਦਾਜ਼ ਕਰਦੇ ਹੋ, ਤਾਂ ਲੋਕਲ (ਸਥਾਨਕ) ਐਜੂਕੇਸ਼ਨ ਏਜੰਸੀ ਆਪਜੀ ਦੀ ਸਹਿਮਤੀ ਤੋਂ ਬਿਨਾ ਹੀ ਮੁਲਾਂਕਣ ਕਰ ਸਕਦੀ ਹੈ।

ਆਪਜੀ ਅਤੇ ਲੋਕਲ (ਸਥਾਨਕ) ਐਜੂਕੇਸ਼ਨ ਏਜੰਸੀ ਦੋਨਾ ਨੂੰ ਕਿਸੇ ਇੱਕ ਵਿਚਕਾਰਲੇ ਫੈਸਲੇ ਤੇ ਆਉਣਾ ਪਵੇਗਾ। ਇਹ ਵਿਚਕਾਰਲਾ ਫੈਸਲਾ ਹੀ ਇਸ ਮੁਸ਼ਕਿਲ ਦਾ ਹੱਲ ਹੋ ਸਕਦਾ ਹੈ।

## ਸਾਰੀਆਂ ਸਪੈਸ਼ਲ ਐਜੂਕੇਸ਼ਨ ਅਤੇ ਸਬੰਧਿਤ ਸੇਵਾਵਾਂ ਨੂੰ ਸਹਿਮਤੀ ਦੇਣ ਤੋਂ ਇਨਕਾਰ ਕਰਨਾ

### ਕੀ ਮੈਂ ਸਪੈਸ਼ਲ ਐਜੂਕੇਸ਼ਨ ਲਈ ਆਪਣੀ ਸਹਿਮਤੀ ਦੇਣ ਤੋਂ ਇਨਕਾਰ ਕਰ ਸਕਦਾ/ਦੀ ਹਾਂ?

ਜੀ ਹਾਂ, ਆਪਜੀ ਨੂੰ ਆਪਣੇ ਬੱਚੇ/ਬੱਚੀ ਲਈ ਸਪੈਸ਼ਲ ਐਜੂਕੇਸ਼ਨ ਅਤੇ ਸਬੰਧਿਤ ਸੇਵਾਵਾਂ ਰੱਦ ਕਰਨ ਦਾ ਪੂਰਾ ਹੱਕ ਹੈ। ਆਪਜੀ ਕਿਸੇ ਵੀ ਸਮੇਂ ਆਪਣੇ ਬੱਚੇ/ਬੱਚੀ ਲਈ ਸਪੈਸ਼ਲ ਐਜੂਕੇਸ਼ਨ ਵਿੱਚ ਪਲੇਸਮੈਂਟ ਨੂੰ ਰੱਦ ਕਰ ਸਕਦੇ ਹੋ। ਲੋਕਲ (ਸਥਾਨਕ) ਐਜੂਕੇਸ਼ਨ ਏਜੰਸੀ ਕੋਲ ਕੋਈ ਵੀ ਅਧਿਕਾਰ ਜਾਂ ਕਾਰਜਪ੍ਰਣਾਲੀ ਨਹੀਂ ਹੈ ਜੋ ਆਪਜੀ ਦੇ ਫੈਸਲੇ ਨੂੰ ਮੋੜ ਸਕੇ।

ਲੋਕਲ (ਸਥਾਨਕ) ਐਜੂਕੇਸ਼ਨ ਏਜੰਸੀ ਆਪਜੀ ਨੂੰ ਇਸਦਾ ਕਾਰਨ ਪੁਛ ਸਕਦੀ ਹੈ, ਪਰ ਆਪਜੀ ਲਈ ਲੋਕਲ (ਸਥਾਨਕ) ਐਜੂਕੇਸ਼ਨ ਏਜੰਸੀ ਵੱਲੋਂ ਪੁਛੇ ਗਏ ਪ੍ਰਸ਼ਨ ਦਾ ਜੁਆਬ ਦੇਣਾ ਜ਼ਰੂਰੀ ਨਹੀਂ ਹੈ। ਆਪਜੀ ਨੂੰ ਅਆਪਣੇ ਫੈਸਲੇ ਬਾਰੇ ਸਫਾਈ ਦੇਣ ਲਈ ਕਿਸੇ ਵੀ ਮੀਟਿੰਗ ਤੇ ਜਾਣ ਦੀ ਲੋੜ ਨਹੀਂ ਹੈ।

ਲੋਕਲ (ਸਥਾਨਕ) ਐਜੂਕੇਸ਼ਨ ਏਜੰਸੀ ਆਪਜੀ ਦੇ ਫੈਸਲੇ ਤੇ ਵਿਚਾਰ ਕਰਨ ਲਈ ਆਪਜੀ ਨਾਲ ਕਿਸੇ ਵੀ ਹੀਅਰਿੰਗ ਦਾ ਪ੍ਰਬੰਧ ਨਹੀਂ ਕਰ ਸਕਦੀ। ਲੋਕਲ (ਸਥਾਨਕ) ਐਜੂਕੇਸ਼ਨ ਏਜੰਸੀ ਕਿਸੇ ਵੀ ਇਲਜ਼ਾਮ ਤੋਂ ਕਾਨੂੰਨ ਵੱਲੋਂ ਸੁਰੱਖਿਅਤ ਹੈ, ਕਿ ਆਪਜੀ ਦੇ ਬੱਚੇ/ਬੱਚੀ ਨੂੰ ਫਰੀ ਐਪਰੋਪਰੀਏਟ ਪਬਲਿਕਐਜੂਕੇਸ਼ਨ ਸੇਵਾਵਾਂ ਪ੍ਰਦਾਨ ਕਰਨ ਤੋਂ ਅਸਮਰੱਥ ਰਹੀ ਹੈ।

### ਮੈਂ ਆਪਣੀ ਸਹਿਮਤੀ ਕਿਵੇਂ ਰੱਦ ਕਰ ਸਕਦਾ/ਦੀ ਹਾਂ?

ਆਪਜੀ ਲਿਖਤੀ ਰੂਪ ਵਿੱਚ ਅਰਜ਼ੀ ਦੇ ਕੇ ਆਪਣੀ ਸਹਿਮਤੀ ਰੱਦ ਕਰ ਸਕਦੇ ਹੋ। ਇਹ ਲਿਖਤੀ ਅਸਿਹਮਤੀ ਅਰਜ਼ੀ ਆਪ ਆਪਣੇ ਬੱਚੇ/ਬੱਚੀਦੇ ਸਪੈਸ਼ਲ ਐਜੂਕੇਸ਼ਨ ਟੀਚਰ, ਸਕੂਲ ਦੇ ਪ੍ਰਬੰਧਕ ਅਤੇ ਜਾਂ ਲੋਕਲ (ਸਥਾਨਕ) ਐਜੂਕੇਸ਼ਨ ਏਜੰਸੀ ਦੇ ਸਪੈਸ਼ਲ ਐਜੂਕੇਸ਼ਨ ਪ੍ਰਬੰਧਕ ਨੂੰ ਦੇ ਸਕਦੇ ਹੋ।

### ਮੇਰੇ ਸਹਿਮਤੀ ਰੱਦ ਕਰਨ ਤੋਂ ਬਾਅਦ ਕੀ ਹੋਵੇਗਾ?

ਜੇਕਰ ਆਪਜੀ ਨੇ ਲਿਖਤੀ ਰੂਪ ਵਿੱਚ ਆਪਣੀ ਅਸਹਿਮਤੀ ਦੀ ਅਰਜ਼ੀ ਦੇ ਦਿੱਤੀ ਹੈ, ਤਾਂ ਲੋਕਲ (ਸਥਾਨਕ) ਐਜੂਕੇਸ਼ਨ ਏਜੰਸੀ ਆਪਜੀ ਨੂੰ ਲਿਖਤੀ ਰੂਪ ਵਿੱਚ ਦੱਸੇਗੀ ਕਿ ਲੋਕਲ (ਸਥਾਨਕ) ਐਜੂਕੇਸ਼ਨ ਏਜੰਸੀ ਨੂੰ ਆਪਜੀ ਦੇ ਬੱਚੇ/ਬੱਚੀ ਨੂੰ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸਾਰੀਆਂ ਸਪੈਸ਼ਲ ਐਜੂਕੇਸ਼ਨ ਅਤੇ ਸਬੰਧਿਤ ਸੇਵਾਵਾਂ ਨੂੰ ਰੱਦ ਕਰਨ ਲਈ ਆਪਜੀ ਵੱਲੋਂ ਦਿੱਤੀ ਗਈ ਅਰਜ਼ੀ ਮਿਲ ਗਈ ਹੈ। ਲੋਕਲ (ਸਥਾਨਕ) ਐਜੂਕੇਸ਼ਨ ਏਜੰਸੀ ਵੱਲੋਂ ਭੇਜੇ ਇਸ ਨੋਟਿਸ ਵਿੱਚ ਸਪੈਸ਼ਲ ਐਜੂਕੇਸ਼ਨ ਅਤੇ ਸਬੰਧਿਤ ਸੇਵਾਵਾਂ ਬੰਦ ਕਰਨ ਦੀ ਤਾਰੀਖ ਅਤੇ ਕਾਰਨ ਬਾਰੇ ਲਿਖਿਆ ਹੋਵੇਗਾ। ਲੋਕਲ (ਸਥਾਨਕ) ਐਜੂਕੇਸ਼ਨ ਏਜੰਸੀ ਨੂੰ ਆਪਜੀ ਦੇ ਬੱਚੇ/ਬੱਚੀ ਲਈ ਇਹ ਸੇਵਾਵਾਂ ਬੰਦ ਕਰਨ ਤੋਂ ਪਹਿਲਾਂ ਆਪਜੀ ਨੂੰ ਦੱਸਣਾ ਪਵੇਗਾ।

### ਸਾਰੀਆਂ ਸੇਵਾਵਾਂ ਬੰਦ ਹੋਣ ਤੋਂ ਬਾਅਦ ਕੀ ਹੋਵੇਗਾ?

ਜਿਸ ਤਾਰੀਖ ਤੋਂ ਸਾਰੀਆ ਸੇਵਾਵਾਂ ਬੰਦ ਕੀਤੀਆ ਗਈਆਂ ਹੋਣ, ਉਸ ਤੋਂ ਬਾਅਦ ਆਪਜੀ ਦਾ ਬੱਚਾ/ਬੱਚੀ ਸਟੇਟ ਅਤੇ ਫੈਡਰਲ ਸਪੈਸ਼ਲ ਕਾਨੂੰਨ ਅਨੁਸਾਰ ਡਿਸਅਬਿਲਿਟੀ ਵਾਲਾ ਵਿਦਿਆਰਥੀ ਨਹੀਂ ਹੋਵੇਗਾ। ਆਪਜੀ ਦਾ ਬੱਚਾ/ਬੱਚੀ ਜਨਰਲ ਐਜੂਕੇਸ਼ਨ ਦਾ ਵਿਦਿਆਰਥੀ ਹੋਵੇਗਾ। ਰੀਫਰਲ, ਅਸੈਸਮੈਂਟ ਅਤੇ ਪਛਾਣ ਤੋਂ ਬਿਨਾ ਆਪਜੀ ਦਾ ਬੱਚਾ/ਬੱਚੀ ਇਸ ਪ੍ਰੋਸੀਜ਼ਰਲ ਸੇਫਗਾਰਡ ਦੁਆਰਾ ਸੁਰੱਖਿਅਤ ਨਹੀਂ ਹੋਵੇਗਾ। ਆਪਜੀ ਦੇ ਬੱਚੇ /ਬੱਚੀ ਲਈ ਆਈ ਈ ਪੀ ਦੀਆਂ ਸੇਵਾਵਾਂ ਦੀ ਕੋਈ ਗਰੰਟੀ ਨਹੀਂ ਹੋਵੇਗੀ। ਕੋਈ ਵੀ ਅਕਾਮੋਡੇਸ਼ਨਾ ਅਤੇ ਮੌਡੀਫਿਕੇਸ਼ਨਾ ਜੋ ਆਪਜੀ ਦੇ ਬੱਚੇ /ਬੱਚੀ ਲਈ ਆਈ ਈ ਪੀ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਸਨ, ਉਹਨਾ ਦੀ ਵੀ ਕੋਈ ਗਰੰਟੀ ਨਹੀਂ ਹੋਵੇਗੀ। ਅਨੁਸ਼ਾਸ਼ਨ ਨਾਲ ਸਬੰਧਿਤ ਸੇਫ ਗਾਰਡ ਅਤੇ ਸੁਰੱਖਿਆ, ਸਟੇਟ ਵਾਈਡ ਅਤੇ ਡਿਸਟ੍ਰਿਕਟ ਟੈਸਟਿੰਗ ਪ੍ਰੋਗਰਾਮ, ਗਰੈਜੂਏਸ਼ਨ ਅਤੇ ਹੋਰ ਸਿਖਿਆ ਸਬੰਧੀ ਪ੍ਰੋਗਰਾਮ ਜੋ ਡਿਸਅਬਿਲਿਟੀ ਵਾਲੇ ਬੱਚਿਆ ਲਈ ਪ੍ਰਦਾਨ ਕੀਤੇ ਜਾਂਦੇ ਹਨ, ਉਹ ਵੀ ਆਪਜੀ ਦੇ ਬੱਚੇ /ਬੱਚੀ ਲਈ ਉਪਲਭਦ ਨਹੀਂ ਹੋਣਗੇ। ਜੇਕਰ ਆਪਜੀ ਦੇ ਬੱਚੇ /ਬੱਚੀ ਦੀ ਜਨਰਲ ਐਜੂਕੇਸ਼ਨ ਦੇ ਸਕੂਲ ਜਾਂ ਕਲਾਸਰੂਮ ਵਿੱਚ ਪਲੇਸਮੈਂਟ ਉਸਦੇ ਆਈ ਈ ਪੀ ਦੇ ਟੀਚਰ ਵੱਲੋਂ ਕੀਤੀ ਗਈ ਹੋਵੇ, ਤਾਂ ਹੋ ਸਕਦਾ ਹੈ ਕਿ ਆਪਜੀ ਦਾ ਬੱਚਾ /ਬੱਚੀ ਇਸ ਵਾਪਸੀ ਤੋਂ ਪ੍ਰਭਾਵਿਤ ਹੋਵੇ।

### ਕੀ ਮੈਂ ਆਪਣੀ ਪਹਿਲਾਂ ਦਿੱਤੀ ਅਸਹਿਮਤੀ ਵਾਪਸ ਲੈ ਸਕਦਾ/ਦੀ ਹਾਂ?

ਨਹੀਂ, ਆਪਜੀ ਵੱਲੋਂ ਦਿੱਤੀ ਗਈ ਅਸਹਿਮਤੀ ਉਸ ਦਿਨ ਤੋਂ ਹੀ ਲਾਗੂ ਹੋ ਜਾਂਦੀ ਹੈ, ਜਿਸ ਦਿਨ ਤੋਂ ਸਪੈਸ਼ਲ ਐਜੂਕੇਸ਼ਨ ਅਤੇ ਸਬੰਧਿਤ ਸੇਵਾਵਾਂ ਬੰਦ ਕੀਤੀਆਂ ਗਈਆਂ, ਜਿਵੇਂ ਕਿ ਡਿਸਟ੍ਰਿਕਟ ਵੱਲੋਂ ਆਪਜੀ ਨੂੰ ਪਹਿਲਾਂ ਲਿਖਤੀ ਨੋਟਿਸ ਭੇਜਿਆ ਗਿਆ ਸੀ।

### ਮੇਰੇ ਬੱਚੇ /ਬੱਚੀ ਦੇ ਸਿਖਿਅਕ ਰੀਕਾਰਡਾਂ ਦਾ ਕੀ ਹੋਵੇਗਾ?

ਜੇਕਰ ਆਪਜੀ ਆਪਣੇ ਬੱਚੇ /ਬੱਚੀ ਲਈ ਸਪੈਸ਼ਲ ਐਜੂਕੇਸ਼ਨ ਅਤੇ ਸਬੰਧਿਤ ਸੇਵਾਵਾਂ ਲਈ ਆਪਣੀ ਸਹਿਮਤੀ ਨਹੀਂ ਦਿੰਦੇ ਤਾਂ ਵੀ ਆਪਜੀ ਦੇ ਬੱਚੇ /ਬੱਚੀ ਦਾ ਸਿਖਿਅਕ ਰੀਕਾਰਡ ਨਹੀਂ ਬਦਲੇਗਾ। ਲੋਕਲ (ਸਥਾਨਕ) ਐਜੂਕੇਸ਼ਨ ਏਜੰਸੀ ਲਈ ਆਪਜੀ ਦੇ ਬੱਚੇ /ਬੱਚੀ ਦਾ ਸਿਖਿਅਕ ਰੀਕਾਰਡ ਬਦਲਣਾ ਜ਼ਰੂਰੀ ਨਹੀਂ ਹੈ, ਭਾਂਵੇ ਆਪ ਨੇ ਆਪਣੇ ਬੱਚੇ /ਬੱਚੀ ਲਈ ਸਪੈਸ਼ਲ ਐਜੂਕੇਸ਼ਨ ਅਤੇ ਸਬੰਧਿਤ ਸੇਵਾਵਾਂ ਲਈ ਅਸਹਿਮਤੀ ਦਿਖਾਈ ਹੋਵੇ। ਆਪਜੀ ਨੂੰ ਆਪਣੇ ਬੱਚੇ /ਬੱਚੀ ਦਾ ਸਿਖਿਅਕ ਰੀਕਾਰਡ ਦੇਖਣ ਦਾ ਪੂਰਾ ਅਧਿਕਾਰ ਹੈ ਅਤੇ ਜੇਕਰ

ਕਿਸੇ ਰੀਕਾਰਡ ਵਿੱਚ ਕੋਈ ਗਲਤੀ ਹੈ ਤਾਂ ਆਪਜੀ ਲੋਕਲ (ਸਥਾਨਕ) ਐਜੂਕੇਸ਼ਨ ਏਜੰਸੀ ਨੂੰ ਇਸ ਨੂੰ ਠੀਕ ਕਰਨ ਬਾਰੇ ਬੇਨਤੀ ਕਰ ਸਕਦੇ ਹੋ।

**ਜੇਕਰ ਬਾਅਦ ਵਿੱਚ ਮੈਂ ਆਪਣੇ ਬੱਚੇ /ਬੱਚੀ ਨੂੰ ਸਪੈਸ਼ਲ ਐਜੂਕੇਸ਼ਨ ਵਿੱਚ ਪਾਉਣਾ ਚਾਹੁੰਦਾ/ਦੀ ਹੋਵਾਂ ਤਾਂ---?**

ਆਪਜੀ ਦੇ ਬੱਚੇ /ਬੱਚੀ ਦੀ ਦੁਬਾਰਾ ਅਸੈਸਮੈਂਟ ਕੀਤੀ ਜਾ ਸਕਦੀ ਹੈ, ਇਹ ਜਾਨਣ ਲਈ ਕਿ ਆਪਜੀ ਦਾ ਬੱਚਾ /ਬੱਚੀ ਸਪੈਸ਼ਲ ਐਜੂਕੇਸ਼ਨ ਵਿੱਚ ਜਾ ਸਕਦਾ ਹੈ ਜਾਂ ਨਹੀਂ। ਆਪਜੀ ਆਪਣੀ ਲਿਖਤੀ ਅਸਹਿਮਤੀ ਨੂੰ ਰੱਦ ਨਹੀਂ ਕਰ ਸਕਦੇ।

ਆਪਜੀ ਦੇ ਬੱਚੇ /ਬੱਚੀ ਨੂੰ ਦੁਬਾਰਾ ਟੈਸਟ ਕੀਤਾ ਜਾਵੇਗਾ, ਟਾਈਮ ਲਾਈਨ ਅਤੇ ਹੋਰ ਕਾਰਜਪ੍ਰਣਾਲੀ ਕਿਸੇ ਮੁਢਲੀ ਰੀਫਰਲ ਦੇ ਪ੍ਰਭਾਵ ਹੇਠ ਹੀ ਹੈ।

## ਸੈਰੋਗੇਟ (ਸਹਾਇਕ) ਮਾਪਿਆਂ ਦੀ ਨਿਯੁਕਤੀ

**ਜੇਕਰ ਮਾਪਿਆਂ ਦੀ ਯਕੀਨੀ ਪਛਾਣ ਨਾ ਹੋ ਸਕੇ ਅਤੇ ਉਹਨਾ ਨੂੰ ਨਾ ਲੱਭਿਆ ਜਾ ਸਕੇ ਤਾਂ ਕੀ ਹੋਵੇਗਾ?**

ਜਦੋਂ ਕਿਸੇ ਡਿਸਅਬਿਲਿਟੀ ਵਾਲੇ ਬੱਚੇ ਦੇ ਮਾਪਿਆਂ ਦੀ ਯਕੀਨੀ ਪਛਾਣ ਨਾ ਹੋ ਸਕੇ ਜਾਂ ਉਹਨਾ ਨੂੰ ਨਾ ਲੱਭਿਆ ਜਾਂ ਸਕੇ ਤਾਂ ਕਿਸੇ ਸੈਰੋਗੇਟ ਮਾਪੇ ਦੀ ਨਿਯੁਕਤੀ ਕੀਤੀ ਜਾ ਸਕਦੀ ਹੈ।

ਜਦੋਂ ਕੋਈ ਬੱਚਾ /ਬੱਚੀ ਆਈ ਈ ਪੀ ਵਿੱਚ ਹੋਵੇ ਜਾਂ ਸਟੇਟ ਵੈਲਫੇਅਰ ਐਂਡ ਇੰਨਸਟੀਚਿਊਟ ਕੋਡ ਦੇ ਤਹਿਤ ਕੋਰਟ ਵਾਲਿਆਂ ਦੀ ਛਤਰ ਛਾਇਆ ਦੇ ਅਧੀਨ ਡੀਪੈਂਡੈਂਟ ਹੋਵੇ ਅਤੇ ਜਾਂ ਬੇਘਰ ਹੋਵੇ ਅਤੇ ਉਸਦੀ ਦੇਖ-ਭਾਲ ਕਰਨ ਵਾਲਾ ਕੋਈ ਨਾ ਹੋਵੇ ਤਾਂ ਵੀ ਸੈਰੋਗੇਟ ਮਾਪੇ ਦੀ ਨਿਯੁਕਤੀ ਕੀਤੀ ਜਾ ਸਕਦੀ ਹੈ।

## ਬਿਨਾ ਕਿਸੇ ਭੇਦ-ਭਾਵ ਦੇ ਅਸੈਸਮੈਂਟ ਕਰਨੀ

**ਸਪੈਸ਼ਲ ਐਜੂਕੇਸ਼ਨ ਦੀਆਂ ਸੇਵਾਵਾਂ ਵਿੱਚ ਜਾਣ ਲਈ ਮੇਰੇ ਬੱਚੇ/ਬੱਚੀ ਦਾ ਮੁਲਾਂਕਣ ਕਿਵੇਂ ਕੀਤਾ ਜਾਵੇਗਾ?**

ਆਪਜੀ ਨੂੰ ਆਪਣੇ ਬੱਚੇ/ਬੱਚੀ ਦੇ ਡਿਸਅਬਿਲਿਟੀ ਦੇ ਸ਼ੱਕ ਵਾਲੇ ਸਾਰੇ ਮੁਲਾਂਕਣ ਕਰਵਾਉਣ ਦਾ ਪੂਰਾ ਹੱਕ ਹੈ। ਅਸੈਸਮੈਂਟ ਲਈ ਵਰਤੇ ਜਾਣ ਵਾਲੇ ਸਮਾਨ ਅਤੇ ਕਾਰਜਪ੍ਰਣਾਲੀ ਬਿਨਾ ਕਿਸੇ ਭੇਦ-ਭਾਵ ਤੋਂ ਹੋਣੇ ਚਾਹੀਦੇ ਹਨ।

ਅਸੈਸਮੈਂਟ ਮਟੀਰੀਅਲ ਪ੍ਰਦਾਨ ਕਰਨਾ ਜ਼ਰੂਰੀ ਹੈ, ਅਤੇ ਟੈਸਟ ਆਪਜੀ ਦੇ ਬੱਚੇ/ਬੱਚੀ ਦੀ ਮੁਢਲੀ ਭਾਸ਼ਾ ਵਿੱਚ, ਅਤੇ ਜਾਂ ਕੰਮਿਉਨੀਕੇਸ਼ਨ ਦੇ ਕਿਸੇ ਤਰੀਕੇ ਨਾਲ ਜਿਸ ਨੂੰ ਵਿਦਿਆਰਥੀ ਚੰਗੀ ਤਰਾਂ ਸਮਝਦਾ ਹੋਵੇ ਅਤੇ ਸਿਖਿਅਕ ਤਰੀਕੇ, ਵਿਕਾਸ ਅਤੇ ਚੰਗੀ ਤਰਾਂ ਕਰ ਸਕਦਾ ਹੋਵੇ, ਜਾਂ ਇਹ ਸਾਫ ਲਿਖਿਆ ਹੋਵੇ ਕਿ ਇਸ ਤਰਾਂ ਨਹੀਂ ਕੀਤਾ ਜਾ ਸਕਦਾ।

ਕੋਈ ਵੀ ਇਕੱਲੀ ਕਾਰਜਪ੍ਰਣਾਲੀ ਆਪਜੀ ਦੇ ਬੱਚੇ/ਬੱਚੀ ਨੂੰ ਫਰੀ ਐਪਰੋਪਰੀਏਟ ਪਬਲਿਕ ਐਜੂਕੇਸ਼ਨ (FAPE) ਲਈ ਨਿਰਧਾਰਣ ਨਹੀਂ ਕਰ ਸਕਦੀ।

## ਇੰਨਡੀਪੈਂਡੈਂਟ ਐਜੂਕੇਸ਼ਨਲ ਅਸੈਸਮੈਂਟ

**ਕੀ ਮੇਰੇ ਬੱਚੇ/ਬੱਚੀ ਨੂੰ ਡਿਸਟ੍ਰਿਕਟ ਦੇ ਖਰਚ ਤੇ ਆਪਣੇ ਤੌਰ ਤੇ ਟੈਸਟ ਕੀਤਾ ਜਾ ਸਕਦਾ ਹੈ?**

ਜੇਕਰ ਆਪਜੀ ਲੋਕਲ (ਸਥਾਨਕ) ਐਜੂਕੇਸ਼ਨ ਏਜੰਸੀ ਵੱਲੋਂ ਕੀਤੇ ਆਪਣੇ ਬੱਚੇ/ਬੱਚੀ ਦੇ ਟੈਸਟ ਨਤੀਜਿਆਂ ਨਾਲ ਸਹਿਮਤ ਨਹੀਂ ਹੋ ਤਾਂ ਆਪ ਜੀ ਨੂੰ ਹੱਕ ਹੈ ਕਿ ਆਪ ਆਪਣੇ ਬੱਚੇ/ਬੱਚੀ ਦਾ ਆਪਣੇ ਢੰਗ ਨਾਲ ਸਿਖਿਅਕ ਮੁਲਾਂਕਣ ਕਿਸੇ ਕੁਆਲੀਫਾਈਡ ਬੰਦੇ ਤੋਂ ਪਬਲਿਕ ਦੇ ਖਰਚ ਤੇ ਕਰਵਾ ਸਕਦੇ ਹੋ।

ਹਰੇਕ ਵਾਰੀ ਜਦੋਂ ਪਬਲਿਕ ਏਜੰਸੀ ਵੱਲੋਂ ਕੀਤੇ ਗਏ ਮੁਲਾਂਕਣ ਨਾਲ ਮਾਪੇ ਸਹਿਮਤ ਨਾ ਹੋਣ ਤਾਂ ਮਾਪੇ ਆਪਣੇ ਬੱਚੇ ਬੱਚੀ ਲਈ ਪਬਲਿਕ ਦੇ ਖਰਚੇ ਤੇ ਆਪਣੇ ਢੰਗ ਨਾਲ ਮੁਲਾਂਕਣ ਕਰਵਾ ਸਕਦੇ ਹਨ।

ਲੋਕਲ (ਸਥਾਨਕ) ਐਜੂਕੇਸ਼ਨ ਏਜੰਸੀ ਨੂੰ ਆਪਜੀ ਵੱਲੋਂ ਆਪਣੇ ਢੰਗ ਨਾਲ ਸਿਖਿਅਕ ਮੁਲਾਂਕਣ ਕਰਵਾਉਣ ਦੀ ਬੇਨਤੀ ਦਾ ਜੁਆਬ ਦੇਣਾ ਪਵੇਗਾ, ਅਤੇ ਆਪਜੀ ਲਈ ਅਅਪਣੇ ਢੰਗ ਨਾਲ ਮੁਲਾਂਕਣ ਕਰਵਾਉਣ ਦੇ ਸਾਧਨ ਮੁਹੱਈਆ ਕਰਵਾਉਣੇ ਪੈਣਗੇ।

ਜੇਕਰ ਲੋਕਲ (ਸਥਾਨਕ) ਐਜੂਕੇਸ਼ਨ ਏਜੰਸੀ ਇਹ ਸੋਚਦੀ ਹੈ ਕਿ ਉਹਨਾ ਵੱਲੋਂ ਕੀਤਾ ਗਿਆ ਮੁਲਾਂਕਣ ਠੀਕ ਹੈ ਅਤੇ ਆਪਜੀ ਨੂੰ ਆਪਣੇ ਢੰਗ ਨਾਲ ਮੁਲਾਂਕਣ ਕਰਵਾਉਣ ਦੀ ਲੋੜ ਨਹੀਂ ਹੈ, ਤਾਂ ਲੋਕਲ (ਸਥਾਨਕ) ਐਜੂਕੇਸ਼ਨ ਏਜੰਸੀ ਨੂੰ ਸੁਣਵਾਈ ਸਬੰਧੀ ਕਾਨੂੰਨੀ ਕਾਰਵਾਈ (ਡਿਯੂ ਪ੍ਰੌਸੈਸ ਹੀਅਰਿੰਗ) ਕਰਨ ਬਾਰੇ ਬੇਨਤੀ ਕਰਨੀ ਪਵੇਗੀ ਕਿ ਡਿਸਟ੍ਰਿਕਟ ਦੁਆਰਾ ਕੀਤੀ ਅਸੈਸਮੈਂਟ ਠੀਕ ਹੈ। ਜੇਕਰ ਲੋਕਲ (ਸਥਾਨਕ) ਐਜੂਕੇਸ਼ਨ ਏਜੰਸੀ ਇਸ ਕੇਸ ਨੂੰ ਜਿੱਤ ਜਾਂਦਾ ਹੈ, ਫਿਰ ਵੀ ਆਪਜੀ ਨੂੰ ਆਪਣੇ ਢੰਗ ਨਾਲ ਅਸੈਸਮੈਂਟ ਕਰਵਾਉਣ ਦਾ ਹੱਕ ਹੈ, ਪਰ ਪਬਲਿਕ ਦੇ ਖਰਚ ਤੇ ਨਹੀਂ। ਆਈ ਈ ਪੀ ਟੀਮ ਨੂੰ ਆਪਜੀ ਦੁਆਰਾ ਆਪਣੇ ਢੰਗ ਨਾਲ ਕਰਵਾਈ ਗਈ ਅਸੈਸਮੈਂਟ ਨੂੰ ਮੰਨਣਾ ਪਵੇਗਾ।

ਡਿਸਟ੍ਰਿਕਟ ਅਸੈਸਮੈਂਟ ਦੀ ਕਾਰਜ ਪ੍ਰਣਾਲੀ ਵਿਦਿਆਰਥੀ ਦੇ ਕਲਾਸ ਰੂਮ ਵਿੱਚ ਨਿਰੀਖਣ ਦੀ ਆਗਿਆ ਦਿੰਦੀ ਹੈ। ਜੇਕਰ ਸਕੂਲ ਡਿਸਟ੍ਰਿਕਟ ਮੁਲਾਂਕਣ ਕਰਦੇ ਸਮੇਂ ਆਪਜੀ ਦੇ ਬੱਚੇ /ਬੱਚੀ ਦਾ ਕਲਾਸਰੂਮ ਵਿੱਚ ਹੀ ਨਿਰੀਖਣ ਕਰਦਾ ਹੈ, ਜਾਂ ਲੋਕਲ (ਸਥਾਨਕ) ਐਜੂਕੇਸ਼ਨ ਏਜੰਸੀ ਨੂੰ ਇਸ ਤਰਾਂ ਕਰਨ ਦੀ ਆਗਿਆ ਮਿਲਦੀ ਹੈ, ਤਾਂ ਆਪਜੀ ਦੇ ਬੱਚੇ /ਬੱਚੀ ਦਾ ਕਲਾਸਰੂਮ ਵਿੱਚ ਆਪਣੇ ਢੰਗ ਨਾਲ ਵਿਅਕਤਕ ਸਿਖਿਅਕ ਮੁਲਾਂਕਣ ਕਰਨ ਦੀ ਵੀ ਜ਼ਰੂਰ ਆਗਿਆ ਮਿਲਣੀ ਚਾਹੀਦੀ ਹੈ।

ਜੇਕਰ ਲੋਕਲ (ਸਥਾਨਕ) ਐਜੂਕੇਸ਼ਨ ਏਜੰਸੀ ਆਪਜੀ ਦੇ ਬੱਚੇ /ਬੱਚੀ ਲਈ ਨਵੀਂ ਸਕੂਲ ਸੈਟਿੰਗ ਅਤੇ ਆਪਣੇ ਢੰਗ ਨਾਲ ਸਿਖਿਅਕ ਅਸੈਸਮੈਂਟ ਕਰਦਾ ਹੈ, ਤਾਂ ਆਪਣੇ ਢੰਗ ਨਾਲ ਸਿਖਿਅਕ ਅਸੈਸਮੈਂਟ ਕਰਨ ਵਾਲੇ ਨੂੰ ਨਵੀਂ ਸੈਟਿੰਗ ਦਾ ਨਿਰੀਖਣ ਕਰਨ ਦੀ ਆਗਿਆ ਹੋਣੀ ਚਾਹੀਦੀ ਹੈ।

## ਸਿਖਿਆ ਸਬੰਧੀ ਰੀਕਾਰਡਾਂ ਤੱਕ ਪਹੁੰਚ

**ਕੀ ਮੈਂ ਆਪਣੇ ਬੱਚੇ /ਬੱਚੀ ਦੇ ਸਿਖਿਅਕ ਰੀਕਾਰਡਾਂ ਦਾ ਨਿਰੀਖਣ ਕਰ ਸਕਦਾ/ਦੀ ਹਾਂ?**

ਆਪਜੀ ਨੂੰ ਬਿਨਾ ਕਿਸੇ ਦੇਰੀ ਦੇ ਆਪਣੇ ਬੱਚੇ /ਬੱਚੀ ਦੇ ਸਾਰੇ ਸਿਖਿਅਕ ਰੀਕਾਰਡ ਦੇਖਣ ਦਾ ਅਤੇ ਉਹਨਾ ਦਾ ਨਿਰੀਖਣ ਕਰਨ ਦਾ ਹੱਕ ਹੈ। ਆਪ ਆਪਣੇ ਬੱਚੇ /ਬੱਚੀ ਦੀ ਆਈ ਈ ਪੀ ਮੀਟਿੰਗ ਤੋਂ ਪਹਿਲਾਂ ਜਾਂ ਕਾਨੂੰਨੀ ਕਾਰਵਾਈ ਦੀ ਸੁਣਵਾਈ ਤੋਂ ਪਹਿਲਾਂ ਸਿਖਿਅਕ ਰੀਕਾਰਡ ਦੇਖ ਅਤੇ ਉਹਨਾ ਦਾ ਨਿਰੀਖਣ ਕਰ ਸਕਦੇ ਹੋ। ਆਪਣੇ ਬੱਚੇ /ਬੱਚੀ ਦੇ ਸਾਰੇ ਸਿਖਿਅਕ ਰੀਕਾਰਡ ਦੇਖਣ ਲਈ ਆਪਜੀ ਵੱਲੋਂ ਲਿਖਤੀ ਜਾਂ ਜ਼ੁਬਾਨੀ ਬੇਨਤੀ ਕੀਤੇ ਜਾਣ ਦੇ 5 ਦਿਨਾ ਦੇ ਵਿੱਚ-ਵਿੱਚ ਲੋਕਲ (ਸਥਾਨਕ) ਐਜੂਕੇਸ਼ਨ ਏਜੰਸੀ ਆਪਜੀ ਨੂੰ ਰੀਕਾਰਡ ਦੇਵੇਗੀ।

## ਸਮੱਸਿਆਵਾਂ ਨਾਲ ਕਿਵੇਂ ਨਜਿੱਠਿਆ ਜਾਂਦਾ ਹੈ
## ਸੁਣਵਾਈ ਸਬੰਧੀ ਕਾਨੂੰਨੀ ਕਾਰਵਾਈ

### ਸੁਣਵਾਈ ਸਬੰਧੀ ਕਾਨੂੰਨੀ ਕਾਰਵਾਈ ਕਦੋਂ ਉਪਲਬਦ ਹੋ ਸਕਦੀ ਹੈ?

ਆਪਜੀ ਨੂੰ ਆਪਣੇ ਬੱਚੇ/ਬੱਚੀ ਦੀ ਪਛਾਣ, ਅਸੈਸਮੈਂਟ, ਅਤੇ ਸਿਖਿਅਕ ਪਲੇਸਮੈਂਟ ਜਾਂ ਫਰੀ ਐਪਰੋਪਰੀਏਟ ਪਬਲਿਕ ਐਜੂਕੇਸ਼ਨ ਦੇ ਪ੍ਰਬੰਧ ਬਾਰੇ ਸੁਣਵਾਈ ਸਬੰਧੀ ਕਾਨੂੰਨੀ ਕਾਰਵਾਈ ਲਈ ਬੇਨਤੀ ਕਰਨ ਦਾ ਹੱਕ ਹੈ। ਮਾਪਿਆਂ ਨੂੰ ਜਿਸ ਤਾਰੀਖ ਨੂੰ ਪਤਾ ਲੱਗਿਆ, ਜਾਂ ਉਹ ਕਥਿਤ ਕਾਰਵਾਈ ਜੋ ਸੁਣਵਾਈ ਦੀ ਬੇਨਤੀ ਦਾ ਆਧਾਰ ਹੈ, ਬਾਰੇ ਪਤਾ ਲੱਗਿਆ ਸੀ, ਤਾਂ ਉਸ ਤਾਰੀਖ ਤੋਂ ਦੋ ਸਾਲਾਂ ਦੇ ਵਿੱਚ-ਵਿੱਚ ਮਾਪਿਆਂ ਵੱਲੋਂ ਸੁਣਵਾਈ ਸਬੰਧੀ ਕਾਨੂੰਨੀ ਕਾਰਵਾਈ ਲਈ ਬੇਨਤੀ ਦਰਜ ਕੀਤੀ ਜਾਣੀ ਚਾਹੀਦੀ ਹੈ।

## ਝਗੜੇ ਲਈ ਮੀਡੀਏਸ਼ਨ ਅਤੇ ਆਲਟਰਨੇਟਿਵ ਹੱਲ

### ਝਗੜੇ ਦਾ ਹੱਲ ਲੱਭਣ ਲਈ ਕੀ ਮੈਂ ਮੀਡੀਏਸ਼ਨ ਜਾਂ ਕਿਸੇ ਆਲ਼ਟਰਨੇਟਿਵ ਤਰੀਕੇ ਬਾਰੇ ਬੇਨਤੀ ਕਰ ਸਕਦਾ/ਦੀ ਹਾਂ?

ਆਪਜੀ ਮੀਡੀਏਸ਼ਨ ਲਈ ਬੇਨਤੀ ਸੁਣਵਾਈ ਸਬੰਧੀ ਕਾਨੂੰਨੀ ਕਾਰਵਾਈ ਹੋਣ ਤੋਂ ਪਹਿਲਾਂ ਜਾਂ ਬਾਅਦ ਵਿੱਚ ਕਰ ਸਕਦੇ ਹੋ।

ਆਪਜੀ ਲੋਕਲ (ਸਥਾਨਕ) ਐਜੂਕੇਸ਼ਨ ਏਜੰਸੀ ਨੂੰ ਇਹ ਝਗੜਾ ਮੀਡੀਏਸ਼ਨ ਜਾਂ ਆਲਟਰਨੇਟਿਵ ਤਰੀਕੇ ਨਾਲ ਨਿਪਟਾਉਣ ਲਈ ਕਹਿ ਸਕਦੇ ਹੋ, ਜੋ ਕਿ ਸੁਣਵਾਈ ਸਬੰਧੀ ਕਾਨੂੰਨੀ ਕਾਰਵਾਈ ਨਾਲੋਂ ਘੱਟ ਵਿਖਿਆਨ ਵਾਲਾ ਰਸਤਾ ਹੈ। ਕਿਸੇ ਵੀ ਝਗੜੇ ਨੂੰ ਨਿਪਟਾਉਣ ਲਈ, ਆਲਟਰਨੇਟਿਵ ਡਿਸਪੀਊਟ ਰੈਜੋਲਿਊਸ਼ਨ ਅਤੇ ਮੀਡੀਏਸ਼ਨ, ਦੋਨੋ ਹੀ ਵਾਲੰਟਰੀ ਤਰੀਕੇ ਹਨ। ਇਹ ਤਰੀਕੇ ਆਪਜੀ ਦੇ ਸੁਣਵਾਈ ਸਬੰਧੀ ਕਾਨੂੰਨੀ ਕਾਰਵਾਈ ਦੇ ਹੱਕ ਨੂੰ ਪਿਛੇ ਪਾਉਣ ਲਈ ਨਹੀਂ ਵਰਤੇ ਚਾਹੀਦੇ।

### ਪ੍ਰੀ-ਹੀਅਰਿੰਗ ਮੀਡੀਏਸ਼ਨ ਕਾਨਫਰੇਂਸ ਕੀ ਹੈ?

ਮਾਪਿਆਂ ਨੂੰ ਪ੍ਰੇਰਿਤ ਕੀਤਾ ਜਾਂਦਾ ਹੈ ਕਿ ਕਾਨੂੰਨੀ ਕਾਰਵਾਈ ਦੀ ਸੁਣਵਾਈ (ਡਿਊ ਪ੍ਰੋਸੈਸ ਹੀਅਰਿੰਗ)ਲਈ ਬੇਨਤੀ ਕਰਨ ਤੋਂ ਪਹਿਲਾਂ ਉਹ ਗੈਰਰਸਮੀ ਪ੍ਰੀ-ਹੀਅਰਿੰਗ ਮੀਡੀਏਸ਼ਨ ਕਾਨਫਰੈਂਸ (ਸੁਣਵਾਈ ਤੋਂ ਪਹਿਲਾਂ ਸਮਝੌਤੇ ਦੀ ਕਾਨਫਰੈਂਸ)ਰਾਹੀਂ ਸਮੱਸਿਆ ਦਾ ਹੱਲ ਲਭਣ ਦੀ ਕੋਸ਼ਿਸ਼ ਕਰਨ। ਇਹ ਪਛਾਣ, ਮੱਲਾਂਕਣ, ਪਲੇਸਮੈਂਟ ਜਾਂ ਢੁੱਕਵੀਂ ਫ਼ਰੀ ਸਿੱਖਿਆ ਦੇ ਪਰਬੰਧ, ਮੁਖਤਾਰਾਂ ਜਾਂ ਵਕੀਲਾਂ ਦੀ ਗੈਰਹਾਜ਼ਰੀ ਨਾਲ ਸੰਬੰਧਿਤ ਸਮਸਿੱਆਵਾਂ ਦਾ ਹੱਲ ਲੱਭਣ ਦੀ ਇਕ ਦੋਸਤਾਨਾ (ਨੌਨ-ਐਡਵੱਰਸਰਿਅਲ) ਕੋਸ਼ਿਸ਼ ਹੈ।

ਪ੍ਰੀ-ਹੀਅਰਿੰਗ ਮੀਡੀਏਸ਼ਨ ਕਾਨਫਰੈਂਸ ਵਿੱਚ ਮਾਪੇ ਜਾਂ ਸਕੂਲ ਡਿਸਟ੍ਰਿਕਟ ਕਿਸੇ ਵੀ ਪ੍ਰਤੀਨਿਧ ਨੂੰ ਲਿਆ ਸਕਦੇ ਹਨ ਪਰ ਉਹ ਵਕੀਲ ਨਹੀਂ ਹੋਣੇ ਚਾਹੀਦੇ ਅਤੇ ਕਿਸੇ ਦੀ ਸਲਾਹ ਵੀ ਲੈ ਸਕਦੇ ਹਨ ਅਤੇ ਜਾਂ ਕਾਨਫਰੰਸ ਤੇ ਜਾਣ ਤੋਂ ਪਹਿਲਾਂ ਕਿਸੇ ਵਕੀਲ ਨਾਲ ਵਿਚਾਰ-ਵਟਾਂਦਰਾ ਵੀ ਕਰ ਸਕਦੇ ਹਨ।ਪ੍ਰੀ-ਹੀਅਰਿੰਗ ਮੀਡੀਏਸ਼ਨ ਕਾਨਫਰੰਸ ਲਈ ਬੇਨਤੀ ਕਰਨਾ ਅਤੇ ਉਸ ਵਿੱਚ ਸ਼ਾਮਲ ਹੋਣਾ, ਸੁਣਵਾਈ ਸਬੰਧੀ ਕਾਨੂੰਨੀ ਕਾਰਵਾਈ ਲਈ ਬੇਨਤੀ ਕਰਨ ਲਈ , ਮੁਢਲੀ ਸ਼ਰਤ ਨਹੀਂ ਹੈ।

ਪ੍ਰੀ-ਹੀਅਰਿੰਗ ਮੀਡੀਏਸ਼ਨ ਕਾਨਫਰੈਂਸ ਕਰਨ ਲਈ ਬੇਨਤੀ ਦੀ ਅਰਜ਼ੀ ਸੁਪਰਿਨਟੈਂਡੈਂਟ ਕੋਲ ਦਰਜ ਕਰਵਾਉਣੀ ਪੈਂਦੀ ਹੈ। ਜਿਹੜੀ ਪਾਰਟੀ ਪ੍ਰੀ-ਹੀਅਰਿੰਗ ਮੀਡੀਏਸ਼ਨ ਕਾਨਫਰੈਂਸ ਲਈ ਸੁਪਰਿਨਟੈਂਡੈਂਟ ਕੋਲ ਲਿਖਤੀ ਮੁਢਲੀ ਬੇਨਤੀ ਕਰਦੀ ਹੈ, ਉਹ ਮੀਡੀਏਸ਼ਨ ਦੀ ਦੂਜੀ ਪਾਰਟੀ ਨੂੰ ਬੇਨਤੀ ਦੀ ਕਾਪੀ ਉਸੇ ਸਮੇਂ ਦੇਵੇਗੀ, ਜਿਸ ਸਮੇਂ ਬੇਨਤੀ ਦਰਜ ਕਰਵਾਈ ਗਈ ਹੋਵੇ।

ਪ੍ਰੀ-ਹੀਅਰਿੰਗ ਮੀਡੀਏਸ਼ਨ ਕਾਨਫਰੈਂਸ ਲਈ ਆਪਜੀ ਦੁਆਰਾ ਬੇਨਤੀ ਕੀਤੇ ਜਾਣ ਤੋਂ 15 ਦਿਨਾ ਦੇ ਅੰਦਰ ਸਕੈਜੂਅਲ਼ (ਤਾਰੀਖ ਅਤੇ ਸਮਾਂ ਮਿਥਣਾ) ਹੋਣੀ ਚਾਹੀਦੀ ਹੈ ਅਤੇ 30 ਦਿਨਾ ਦੇ ਅੰਦਰ ਪੂਰੀ ਹੋਣੀ ਚਾਹੀਦੀ ਹੈ, ਬਸ਼ਰਤੇ ਦੋਨੋ ਪਾਰਟੀਆਂ ਅੱਗੇ ਪਾਉਣ ਲਈ ਲਈ ਰਾਜ਼ੀ ਹੋਣ। ਜੇਕਰ ਇਸ ਝਗੜੇ ਦਾ ਕੋਈ ਹੱਲ ਨਿਕਲ ਆਇਆ ਹੈ ਤਾਂ ਦੋਨੋ ਪਾਰਟੀਆ ਲਿਖਤੀ ਸਮਝੌਤਾ ਕਰਨਗੇ ਜੋ ਇਸਦਾ ਸਮਾਧਾਨ ਹੋਵੇਗਾ। ਮੀਡੀਏਸ਼ਨ ਪ੍ਰੋਸੈਸ ਦੀ ਸਾਰੀ ਗੱਲ ਬਾਤ ਗੁਪਤ ਰੱਖੀ ਜਾਵੇਗੀ। ਪ੍ਰੀ-ਹੀਅਰਿੰਗ ਮੀਡੀਏਸ਼ਨ ਕਾਨਫਰੈਂਸ ਦਾ ਸਮਾਂ ਅਤੇ ਜਗ੍ਹਾ ਦੋਨਾ ਪਾਰਟੀਆਂ ਦੇ ਅਨੁਕੂਲ ਰੱਖੀ ਜਾਵੇਗੀ। ਜੇਕਰ ਮੁਸ਼ਕਿਲ ਦਾ ਹੱਲ ਨਾ ਲੱਭਿਆ ਜਾ ਸਕੇ ਤਾਂ ਜਿਸ ਪਾਰਟੀ ਨੇ ਮੀਡੀਏਸ਼ਨ ਕਾਨਫਰੰਸ ਲਈ ਬੇਨਤੀ ਕੀਤੀ ਸੀ, ਉਸ ਪਾਰਟੀ ਨੂੰ ਸੁਣਵਾਈ ਸਬੰਧੀ ਕਾਨੂੰਨੀ ਕਾਰਵਾਈ ਲਈ ਅਰਜੀ ਦੇਣ ਦਾ ਅਧਿਕਾਰ ਹੈ।

## ਡਿਯੂ ਪ੍ਰੋਸੇਸ ਰਾਈਟਸ

### ਮੇਰੇ ਸੁਣਵਾਈ ਸਬੰਧੀ ਕਾਨੂੰਨੀ ਕਾਰਵਾਈ ਦੇ ਕੀ ਹੱਕ ਹਨ?

ਆਪਜੀ ਨੂੰ ਹੱਕ ਹੈ ਕਿ:

1. ਸਟੇਟ ਲੈਵਲ ਤੇ ਇੱਕ ਐਸੀ ਸ਼ਖਸੀਅਤ ਨਾਲ ਨਿਰਪਖ ਅਤੇ ਨਿਯਮ ਅਨੁਸਾਰ ਪ੍ਰਬੰਧਕੀ ਸੁਣਵਾਈ ਕਰਨ ਦਾ ਹੱਕ ਹੈ ਜਿਸਨੂੰ ਸਪੈਸ਼ਲ ਐਜੂਕੇਸ਼ਨ ਸਬੰਧਿਤ ਕਨੂੰਨਾਂ ਅਤੇ ਪ੍ਰਬੰਧਕੀ ਸੁਣਵਾਈ ਬਾਰੇ ਪੂਰੀ ਜਾਣਕਾਰੀ ਹੈ।
2. ਸਲਾਹ ਦੇਣ ਵਾਲੇ ਅਟਰਨੀ ਅਤੇ ਜਾਂ ਉਹ ਸ਼ਖਸ ਜਿਨ੍ਹਾਂ ਨੂੰ ਉਨ੍ਹਾਂ ਦੇ ਬੱਚੇ ਦੀਆਂ ਤਕਲੀਫ਼ਾਂ ਬਾਰੇ ਜਾਂ ਜਵਾਨ ਡਿਸਏਬਲ ਬੱਚੇ ਦੀਆਂ ਤਕਲੀਫ਼ਾਂ ਬਾਰੇ ਸਪੈਸ਼ਲ ਗਿਆਨ ਹੈ, ਅਤੇ ਉਨ੍ਹਾਂ ਦੀਆਂ ਤਕਲੀਫ਼ਾਂ ਨਾਲ ਸੰਬੰਧਿਤ ਟ੍ਰੇਨਿੰਗ ਹੈ, ਨੂੰ ਅਪਣੇ ਨਾਲ ਲਿਆਉਣ ਦਾ ਹੱਕ ਹੈ।
3. ਪ੍ਰਮਾਣ, ਲਿਖਤੀ ਦਲੀਲਾਂ, ਅਤੇ ਮੂੰਹ ਜਬਾਨੀ ਦਲੀਲਾਂ ਦੇਣ ਦਾ ਹੱਕ ਹੈ।
4. ਸਾਮ੍ਹਣਾ ਕਰਨ, ਜਿਰਹਾ ਕਰਨ, ਗਵਾਹਾਂ ਨੂੰ ਹਾਜ਼ਿਰ ਹੋਣ ਲਈ ਮਜਬੂਰ ਕਰਨ, ਅਤੇ ਪ੍ਰਮਾਣ ਦੇਣ ਦਾ ਹੱਕ ਹੈ।
5. ਆਪਣੀ ਮਰਜ਼ੀ ਅਨੁਸਾਰ ਸੁਣਵਾਈ ਦੀ ਲਿਖਤੀ ਜਾਂ ਇਲੈਕਟ੍ਰੌਨਿਕ ਹਰਫ਼-ਬ-ਹਰਫ਼ ਜਾਣਕਾਰੀ ਪਾਉਣ ਦਾ ਹੱਕ ਹੈ, ਜਿਸ ਵਿੱਚ ਸਬੂਤ ਅਤੇ ਫੈਸਲੇ ਵੀ ਸ਼ਾਮਿਲ ਹਨ।
6. ਸੁਨਵਾਈ ਵੇਲੇ ਅਪਨਾ ਬੱਚਾ ਆਪਣੇ ਨਾਲ ਲਿਆਉਣ ਦਾ ਹੱਕ ਹੈ।
7. ਸੁਣਵਾਈ ਵਾਸਤੇ ਪਬਲਿਕ ਲਈ ਖੁਲ ਦੇਣ ਜਾਂ ਨਾ ਦੇਣ ਦਾ ਹੱਕ ਹੈ।
8. ਦੂਜੀਆਂ ਪਾਰਟੀਆਂ ਕੋਲੋਂ ਸਮੱਸਿਆਵਾਂ ਅਤੇ ਉਨ੍ਹਾਂ ਸਮੱਸਿਆਵਾਂ ਦੇ ਹੱਲ ਸਬੰਧੀ ਜੋ ਸੁਝਾਉ ਮਿਲੇ ਹਨ, ਉਨ੍ਹਾਂ ਬਾਰੇ ਸੁਨਵਾਈ ਤੋਂ ਘਟ ਤੋਂ ਘਟ 10 ਕਲੰਡਰ ਦਿਨ ਪਹਿਲਾਂ ਜਾਣਕਾਰੀ ਪ੍ਰਾਪਤ ਕਰਨ ਦਾ ਹੱਕ ਹੈ।
9. ਇਸ ਤੋਂ ਇਲਾਵਾ ਸੁਨਵਾਈ ਤੋਂ ਪਹਿਲੋਂ ਪੰਜ ਬਿਜ਼ਨਿਸ ਦਿਨਾਂ ਦੇ ਵਿੱਚ-ਵਿੱਚ ਗਵਾਹਾਂ ਦੀ ਲਿਸਟ, ਅਤੇ ਉਨ੍ਹਾਂ ਨੇ ਜਿਸ ਖੇਤਰ ਲਈ ਗਵਾਹੀ ਦੇਣੀ ਹੈ ਉਹ ਸਾਰੀ ਜਾਣਕਾਰੀ ਪੰਜ ਬਿਜ਼ਨਿਸ ਦਿਨਾਂ ਦੇ ਵਿੱਚ-ਵਿੱਚ ਪ੍ਰਾਪਤ ਕਰਨ ਦਾ ਹੱਕ ਹੈ।
10. ਅਨੁਵਾਦਿਕ ਪ੍ਰਾਪਤ ਕਰਨ ਦਾ ਹੱਕ ਹੈ (CCR 3082[d]
11. ਸੁਨਵਾਈ ਦੇ ਸਮੇਂ ਦੀ ਰੂਪ ਰੇਖਾ ਵਿੱਚ ਵਾਧਾ ਕਰਨ ਵਾਸਤੇ ਬੇਨਤੀ ਕਰਨ ਦਾ ਹੱਕ ਹੈ।

12. ਸੁਣਵਾਈ ਦੀ ਕਨੂੰਨੀ ਕਾਰਵਾਈ ਦੌਰਾਨ ਕਿਸੇ ਸਮੇਂ ਵੀ ਮੀਡੀਏਸ਼ਨ(ਸਮਝੌਤੇ) ਕੌਨਫਰੈਂਸ ਕਰਨ ਦਾ ਹੱਕ ਹੈ।

ਦੂਜੀ ਪਾਰਟੀ ਕੋਲੋ ਨੋਟਿਸ ਪ੍ਰਾਪਤ ਕਰਨ ਦਾ ਹੱਕ ਹੈ, ਸੁਨਵਾਈ ਤੋਂ ਘਟ ਤੋਂ ਘਟ 10 ਦਿਨ ਪਹਿਲਾਂ ਦੂਜੀ ਪਾਰਟੀ ਦਸੇ ਕਿ ਸੁਨਵਾਈ ਦੀ ਕਾਰਵਾਈ ਲਈ ਉਨ੍ਹਾਂ ਵਲੋਂ ਕਿਹੜਾ ਅਟਰਨੀ ਪੇਸ਼ ਹੋਵੇਗਾ।

## ਸੁਣਵਾਈ ਸਬੰਧੀ ਕਾਨੂੰਨੀ ਕਾਰਵਾਈ ਲਈ ਸ਼ਿਕਾਇਤ ਦਰਜ ਕਰਵਾਉਣੀ

### ਮੈਂ ਸੁਣਵਾਈ ਸਬੰਧੀ ਕਾਨੂੰਨੀ ਕਾਰਵਾਈ ਲਈ ਕਿਵੇਂ ਬੇਨਤੀ ਕਰ ਸਕਦਾ/ਦੀ ਹਾਂ?

ਆਪਜੀ ਨੂੰ ਸੁਣਵਾਈ ਸਬੰਧੀ ਕਾਨੂੰਨੀ ਕਾਰਵਾਈ ਲਈ ਲਿਖਤੀ ਬੇਨਤੀ ਦਰਜ ਕਰਵਾਉਣੀ ਪਵੇਗੀ। ਆਪਜੀ ਜਾਂ ਆਪਜੀ ਦੇ ਕਿਸੇ ਪ੍ਰਤੀਨਿਧ ਨੂੰ ਹੇਠ ਲਿਖੀ ਜਾਣਕਾਰੀ ਆਪਣੀ ਬੇਨਤੀ ਵਿੱਚ ਲਿਖਣੀ ਪਵੇਗੀ:

- ਵਿੱਦਿਆਰਥੀ ਦਾ ਨਾਂ;
- ਵਿੱਦਿਆਰਥੀ ਦੇ ਘਰ ਦਾ ਪਤਾ;
- ਵਿੱਦਿਆਰਥੀ ਦੇ ਸਕੂਲ ਦਾ ਪਤਾ;
- ਜੇਕਰ ਬੱਚਾ/ਬੱਚੀ ਬੇਘਰ ਹੈ, ਤਾਂ ਸੰਪਰਕ ਬਾਰੇ ਢੁਕਵੀਂ ਜਾਣਕਾਰੀ ਅਤੇ ਸਕੂਲ ਦਾ ਪਤਾ
- ਸਮੱਸਿਆ ਦੀ ਕਿਸਮ, ਅਤੇ ਸਬੂਤਾਂ ਬਾਰੇ ਬਿਆਨ; ਉਸ ਨੂੰ ਹੱਲ ਕਰਨ ਲਈ ਜੋ ਸੁਝਾਉ ਦਿੱਤੇ ਗਏ।

ਫੈਡਰਲ ਅਤੇ ਸਟੇਟ ਕਾਨੂੰਨ ਅਨੁਸਾਰ ਜਿਹੜੀ ਪਾਰਟੀ ਸੁਣਵਾਈ ਸਬੰਧੀ ਕਾਨੂੰਨੀ ਕਾਰਵਾਈ ਲਈ ਲਿਖਤੀ ਬੇਨਤੀ ਦਰਜ ਕਰਵਾਉਦੀ ਹੈ, ਉਸਨੂੰ ਦੂਜੀ ਪਾਰਟੀ ਨੂੰ ਬੇਨਤੀ ਦੀ ਕਾਪੀ ਉਸੇ ਸਮੇਂ ਦੇਵੇਗੀ, ਜਿਸ ਸਮੇਂ ਬੇਨਤੀ ਦਰਜ ਕਰਵਾਈ ਗਈ ਹੋਵੇ।

ਸੁਨਵਾਈ ਸਬੰਧੀ ਕਨੰਨੀ ਕਾਰਵਾਈ ਲਈ ਫਾਈਲ ਕਰਨ ਤੋਂ ਪਹਿਲੋਂ ਦੋਨੋਂ ਪਾਰਟੀਆਂ ਕਿਸੀ ਤੀਜੀ ਪਾਰਟੀ ਜਿਸਨੂੰ ਸਟੇਟ ਨੇ ਨਿਯੁਕਤ ਕੀਤਾ ਹੈ ਅਤੇ ਉਹ ਨਿਰਪਖ ਹੈ ਅਤੇ ਉਸ ਨੂੰ ਸਮੱਸਿਆ ਬਾਰੇ ਜਾਣਕਾਰੀ ਹੈ ਦੇ ਰਾਹੀਂ ਆਪਸ ਵਿੱਚ ਸਮਝੌਤਾ ਕਰਨ ਦੀ ਕੋਸ਼ਿਸ਼ ਕਰਨ।

ਸੁਨਵਾਈ ਸਬੰਧੀ ਕਨੰਨੀ ਕਾਰਵਾਈ ਲਈ ਫਾਈਲ ਕਰਨ ਤੋਂ ਪਹਿਲਾਂ ਸਕੂਲ ਡਿਸਟ੍ਰਿਕਟ ਦੋਨਾਂ ਪਾਰਟੀਆਂ ਨੂੰ ਆਪਸ ਵਿੱਚ ਸਮਝੌਤਾ ਕਰਨ ਦੇ ਮੌਕੇ ਪ੍ਰਦਾਨ ਕਰੇਗਾ, ਜਿਸ ਮੀਟਿੰਗ ਵਿੱਚ ਮਾਪੇ ਅਤੇ ਆਈ ਈ ਪੀ ਟੀਮ ਦੇ ਮੈਂਬਰ ਜਿਨ੍ਹਾਂ ਨੂੰ ਸਮੱਸਿਆ ਬਾਰੇ ਜਾਣਕਾਰੀ ਹੈ, ਹਾਜ਼ਰ ਹੋਣਗੇ।

### ਇਸ ਸਮਾਧਾਨ ਦੇ ਸੈਸ਼ਨ ਵਿੱਚ ਹੋਰ ਕੀ ਸ਼ਾਮਲ ਹੈ?

ਮਾਪਿਆ ਦੁਆਰਾ ਸੁਣਵਾਈ ਦੀ ਕਾਨੂੰਨੀ ਕਾਰਵਾਈ ਲਈ ਅਰਜ਼ੀ ਦੇਣ ਦੇ 15 ਦਿਨਾ ਦੇ ਵਿੱਚ ਮਿਥੀ ਜਾਣੀ ਚਾਹੀਦੀ ਹੈ।ਇਸ ਸੈਸ਼ਨ ਵਿੱਚ ਲੋਕਲ (ਸਥਾਨਕ) ਐਜੂਕੇਸ਼ਨ ਏਜੰਸੀ ਦਾ ਪ੍ਰਤੀਨਿਧ ਹੋਣਾ ਚਾਹੀਦਾ ਹੈ, ਜਿਸ ਨੂੰ ਫੈਸਲਾ ਕਰਨ ਦਾ ਹੱਕ ਹੋਵੇ, ਅਤੇ ਲੋਕਲ (ਸਥਾਨਕ) ਐਜੂਕੇਸ਼ਨ ਏਜੰਸੀ ਵੱਲੋਂ ਕੋਈ ਵਕੀਲ ਨਹੀਂ ਹੋਣਾ ਚਾਹੀਦਾ, ਬਸ਼ਰਤੇ ਕਿ ਮਾਪੇ ਵਕੀਲ ਨਾਲ ਲੈ ਕੇ ਆਉਣ। ਬੱਚੇ/ਬੱਚੀ ਦੇ ਮਾਪੇ ਸੁਣਵਾਈ ਸਬੰਧੀ ਕਾਨੂੰਨੀ ਕਾਰਵਾਈ ਬਾਰੇ ਬਹਿਸ ਕਰ ਸਕਦੇ ਹਨ ਅਤੇ ਉਹ ਕਥਿਤ ਕਾਰਵਾਈ ਜੋ ਸੁਣਵਾਈ ਦੀ ਬੇਨਤੀ ਦਾ ਆਧਾਰ ਹੈ, ਬਅਰੇ ਗੱਲ-ਬਾਤ ਕਰ ਸਕਦੇ ਹਨ।

ਇਸ ਸਮਾਧਾਨ ਦੇ ਸੈਸ਼ਨ ਦੀ ਲੋੜ ਨਹੀਂ ਪੈਂਦੀ ਜੇਕਰ ਮਾਪੇ ਅਤੇ ਲੋਕਲ (ਸਥਾਨਕ) ਐਜੂਕੇਸ਼ਨ ਏਜੰਸੀ ਲਿਖਤੀ ਰੂਪ ਵਿੱਚ ਮੀਟਿੰਗ ਨਾ ਕਰਨ ਲਈ ਰਾਜ਼ੀ ਹੋ ਜਾਣ। ਜੇਕਰ ਲੋਕਲ (ਸਥਾਨਕ) ਐਜੂਕੇਸ਼ਨ ਏਜੰਸੀ ਬੇਨਤੀ ਦੇ 30 ਦਿਨਾ ਦੇ ਅੰਦਰ ਸੁਣਵਾਈ ਸਬੰਧੀ ਕਾਨੂੰਨੀ ਕਾਰਵਾਈ ਦੇ ਮਸਲੇ ਨੂੰ ਨਹੀਂ ਸੁਲਝਾਉਦੀ ਤਾਂ ਸੁਣਵਾਈ ਸਬੰਧੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਜੇਕਰ ਕੋਈ ਹੱਲ ਨਿਕਲ ਆਉਦਾ ਹੈ ਤਾਂ ਦੋਨੋ ਪਾਰਟੀਆਂ ਕਿਸੇ ਇੱਕ ਲਿਖਤੀ ਸਮਝੋਤੇ ਤੇ ਰਾਜ਼ੀ ਹੋਣਗੀਆਂ।

### ਕੀ ਇਸ ਪ੍ਰੌਸੈਸ ਸਮੇਂ ਮੇਰੇ ਬੱਚੇ/ਬੱਚੀ ਦੀ ਪਲੇਸਮੈਂਟ ਵਿੱਚ ਕੋਈ ਬਦਲਾਓ ਆਵੇਗਾ?

ਕੋਈ ਵੀ ਬੱਚਾ/ਬੱਚੀ ਜੋ ਇਸ ਕਾਨੂੰਨੀ ਕਾਰਵਾਈ ਦਾ ਹਿੱਸਾ ਹੈ, ਉਨਾ ਚਿਰ ਉਸੇ ਹੀ ਐਜੂਕੇਸ਼ਨਲ ਪਲੇਸਮੈਂਟ ਵਿੱਚ ਰਹੇਗਾ ਜਿਸ ਵਿੱਚ ਹੈ, ਜਦੋਂ ਤੱਕ ਮਾਪੇ ਅਤੇ ਲੋਕਲ (ਸਥਾਨਕ) ਐਜੂਕੇਸ਼ਨ ਏਜੰਸੀ ਕਿਸੇ ਨਿਰਣੇ ਤੇ ਨਹੀਂ ਪਹੁੰਚਦੇ। ਜੇਕਰ ਆਪਜੀ ਆਪਣੇ ਬੱਚੇ /ਬੱਚੀ ਲਈ ਕਿਸੇ ਪਬਲਿਕ ਸਕੂਲ ਵਿੱਚ ਮੁਢਲੀ ਅਡਮਿਸ਼ਨ (ਦਾਖਲਾ) ਕਰਵਾਉਦੇ ਹੋ, ਆਪਜੀ ਦਾ ਬੱਚਾ /ਬੱਚੀ ਆਪਜੀ ਦੀ ਸਹਿਮਤੀ ਦੇ ਅਨੁਸਾਰ ਪਬਲਿਕ ਸਕੂਲ ਪ੍ਰੋਗਰਾਮ ਵਿੱਚ ਹੀ ਰਹੇਗਾ, ਜਦੋਂ ਤੱਕ ਸਾਰੀ ਕਾਰਵਾਈ ਪੂਰੀ ਨਹੀਂ ਹੋ ਜਾਂਦੀ।

### ਕੀ ਫੈਸਲੇ ਦੇ ਵਿਰੁੱਧ ਅਪੀਲ ਕੀਤੀ ਜਾ ਸਕਦੀ ਹੈ?

ਇਸ ਸੁਣਵਾਈ ਦਾ ਫੈਸਲਾ ਆਖਰੀ ਫੈਸਲਾਂ ਹੋਵੇਗਾ। ਕੋਈ ਵੀ ਪਾਰਟੀ ਆਖਰੀ ਫੈਸਲੇ ਦੇ 90 ਦਿਨਾਂ ਦੇ ਵਿੱਚ-ਵਿੱਚ ਸਟੇਟ ਅਤੇ ਫੈਡਰਲ ਕੋਰਟ ਵਿੱਚ ਅਪੀਲ ਕਰ ਸਕਦੀ ਹੈ।

### ਮੇਰੇ ਵਕੀਲਾਂ ਦੀ ਫੀਸ ਕੌਣ ਭਰੇਗਾ?

ਸੁਣਵਾਈ ਦੀ ਕਾਨੂੰਨੀ ਕਾਰਵਾਈ ਦੇ ਕਿਸੇ ਵੀ ਪ੍ਰੌਸੈਸ ਵਿੱਚ, ਕੋਰਟ, ਆਪਣੀ ਇੱਛਾ ਅਨੁਸਾਰ, ਵਕੀਲ ਦੀ ਵਾਜਬ ਫੀਸ ਡਿਸਏਬਲ ਵਿਦਿਆਰਥੀ ਦੇ ਮਾਪਿਆਂ ਨੂੰ ਦੇਵੇਗਾ, ਜੋ ਕਿ ਉਹਨਾ ਵੱਲੋਂ ਕੀਤੇ ਗਏ ਖਰਚੇ ਦਾ ਇੱਕ ਹਿੱਸਾ ਹੈ। ਪ੍ਰਬੰਧਕੀ ਸੁਣਵਾਈ ਦੇ ਫੈਸਲੇ ਵਿੱਚ ਵੀ ਵਕੀਲਾਂ ਦੀ ਵਾਜਬ ਫੀਸ ਦਿੱਤੀ ਜਅ ਸਕਦੀ ਹੈ ਜੇਕਰ ਦੋਨੋਂ ਪਾਰਟੀਆਂ ਰਾਜ਼ੀ ਹੋਣ। (20 USC 1415 [i] [3] [B]-[G]; 34 CFR 300.517; EC 5670 7 [b] )

### ਹੇਠ ਲਿਖੀਆਂ ਗੱਲਾਂ ਦੇ ਅਧਾਰ ਤੇ ਵਕੀਲ ਦੀ ਫੀਸ ਵਿੱਚ ਕਟੌਤੀ ਕੀਤੀ ਜਾ ਸਕਦੀ ਹੈ:

1) ਜਦੋਂ ਕੋਰਟ ਨੂੰ ਪਤਾ ਲਗਦਾ ਹੈ ਕਿ ਅਖੀਰਲੇ ਵਾਦਵਿਵਾਦ ਨੂੰ ਖਤਮ ਕਰਨ ਲਈ ਜਾਣ ਬੁਝਕੇ ਦੇਰੀ ਕੀਤੀ।
2) ਜੇ ਮਾਪਿਆਂ ਦੇ ਵਕੀਲ ਦੀ ਫੀਸ ਕੰਮਿਉਨਿਟੀ ਦੇ ਬਾਕੀ ਵਕੀਲਾਂ ਜਿਨ੍ਹਾਂ ਕੋਲ ਮਾਪਿਆਂ ਦੇ ਅਟਰਨੀ ਜਿਨ੍ਹਾਂ ਤਜੁਰਬਾ, ਮਾਨਤਾ ਅਤੇ ਨਿਪੰਨਤਾਵਾਂ ਹਨ ਅਤੇ ਮਾਪਿਆਂ ਦੇ ਵਕੀਲ ਦੀ ਫੀਸ ਦੇ ਪੈਸੇ ਦੂਜਿਆਂ ਦੇ ਪ੍ਰਤੀ ਘੰਟਾ ਫੀਸ ਨਾਲੋਂ ਵੱਧ ਜਾਣ;
3) ਜਿਹੜੀਆਂ ਕਨੂੰਨੀ ਸੇਵਾਵਾਂ ਉਪਲਬਧ ਕਰਵਾਈਆਂ ਅਤੇ ਜੋ ਸਮਾਂ ਖਰਚ ਹੋਇਆ, ਲੋੜ ਤੋਂ ਬਹੁਤ ਜ਼ਿਆਦਾ ਸੀ।
4) ਜਿਹੜਾ ਅਟਰਨੀ ਮਾਪਿਆਂ ਅਤੇ ਵਿੱਦਿਆਰਥੀ ਦਾ ਪ੍ਰਤੀਨਿਧੀ ਸੀ ਉਸਨੇ ਲੋਕਲ ਐਜੂਕੇਸ਼ਨ ਏਜੈਂਸੀ ਨੂੰ ਸਿਕਾਇਤ ਸਬੰਧਿਤ ਸੁਣਵਾਈ ਦੀ ਕਾਰਵਾਈ ਦੌਰਾਨ ਸ਼ਿਕਾਇਤ ਬਾਰੇ ਪੂਰੀ ਜਾਣਕਾਰੀ ਨਹੀਂ ਦਿੱਤੀ।

ਜੇਕਰ ਬਗੈਰ ਕਿਸੀ ਵਾਜਬ ਕਾਰਣ ਦੇ ਸਟੇਟ ਜਾਂ ਸਕੂਲ ਡਿਸਟ੍ਰਿਕਟ ਕਾਰਵਾਈ ਨੂੰ ਲਮਕਾਏ ਜਾਂ

ਕਾਨੂੰਨੀ ਕਾਰਵਾਈ ਦੀ ਕਾਰਜਵਿਧੀ ਦੀ ਉਲੰਘਣਾ ਕਰੇ ਤਾਂ ਫੀਸ ਵਿੱਚ ਕਟੌਤੀ ਨਹੀਂ ਕੀਤੀ ਜਾਂਦੀ।

ਆਈ ਈ ਪੀ ਟੀਮ ਦੀ ਕਿਸੀ ਵੀ ਮੀਟਿੰਗ ਲਈ ਅਟਰਨੀ ਨੂੰ ਫੀਸ ਨਹੀਂ ਦਿਤੀ ਜਾਵੇਗੀ ਸਿਵਾਏ ਇਸਦੇ ਕਿ ਅਦਾਲਤੀ ਕਾਰਵਾਈ ਤੋਂ ਪਹਿਲੋਂ ਸੁਨਵਾਈ ਦੀ ਕਨੂੰਨੀ ਕਾਰਵਾਈ ਦੇ ਨਤੀਜੇ ਕਾਰਣ ਆਈ ਈ ਪੀ ਮੀਟਿੰਗ ਅਯੋਜਿਤ ਕੀਤੀ ਗਈ ਹੈ। ਅਟਰਨੀ ਨੂੰ ਫੀਸ ਲਈ ਨਾਹ ਹੋ ਸਕਦੀ ਹੈ ਜੇਕਰ ਮਾਪੇ ਲੋਕਲ ਐਜੂਕੇਸ਼ਨ ਏਜੈਂਸੀ ਵਲੋਂ ਪੇਸ਼ ਕੀਤੇ ਗਏ ਵਾਜਬ ਅਤੇ ਜਾਇਜ਼ ਸੁਝਾਉ ਨੂੰ ਸੁਨਵਾਈ ਸ਼ੁਰੂ ਹੋਣ ਤੋਂ ਦਸ ਦਿਨ ਪਹਿਲਾਂ ਠੁਕਰਾ ਦੇਣ ਅਤੇ ਸੁਨਵਾਈ ਦਾ ਫੈਸਲਾ ਵੀ ਸੁਝਾਉ ਦੀ ਪੇਸ਼ਕਾਰੀ ਨਾਲੋਂ ਬਹੁਤਾ ਵੱਖਰਾ ਨਹੀਂ ਸੀ।

**ਇਸ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ, ਮੀਡੀਏਸ਼ਨ ਲਈ ਅਰਜ਼ੀ ਦਰਜ ਕਰਨ ਲਈ ਜਾਂ ਸੁਣਵਾਈ ਦੀ ਕਾਨੂੰਨੀ ਕਾਰਵਾਈ ਲਈ ਹੇਠ ਲਿਖੇ ਪਤੇ ਤੇ ਚਿੱਠੀ-ਪੱਤਰ ਕਰੋ ਜਾਂ ਫੋਨ ਕਰੋ:**

**ਔਫਿਸ ਔਫ ਐਡਮਿਨਿਸਟਰੇਟਿਵ ਹੀਅਰਿੰਗਜ਼**
**ਸਪੈਸ਼ਲ ਐਜੂਕੇਸ਼ਨ ਯੂਨਿਟ**
**2349 ਗੇਟਵੇ ਓਕਸ ਡਰਾਈਵ ਸੂਈਟ 200**
**ਸੈਕਰਾਮੈਂਟੋ, ਕੈਲੀਫੋਰਨੀਆ 95833-4231**
***ਫੋਨ: (916) 263-0890***
**ਫੈਕਸ: (916) 263 -0890**

## ਡਿਸਅਬਿਲਟੀ ਵਾਲੇ ਵਿੱਦਿਆਰਥੀਆਂ ਲਈ ਸਕੂਲ ਡਿਸਿਪਲਿਨ ਅਤੇ ਪਲੇਸਮੈਂਟ(ਕਲਾਸ ਨਿਸ਼ਚਿਤ ਕਰਨੀ) ਕਾਰਵਾਈ

### ਸਕੂਲ ਅਨੁਸ਼ਾਸਨ ਅਤੇ ਇੰਨਟਰਮ ਐਜੂਕੇਸ਼ਨ ਸੈਟਿੰਗ

### ਕੀ ਮੇਰੇ ਬੱਚੇ/ਬੱਚੀ ਨੂੰ ਸਸਪੈਂਡ ਕੀਤਾ ਜਾਂ ਕੱਢਿਆ ਜਾ ਸਕਦਾ ਹੈ?

ਸਕੂਲ ਦੇ ਪ੍ਰਬੰਧਕ ਕਿਸੇ ਅਲੱਗ ਕਿਸਮ ਦੇ ਮੌਕਿਆਂ ਤੇ ਕੇਸ ਤੋਂ ਕੇਸ ਦੇ ਆਧਾਰ ਤੇ ਇਹ ਫੈਸਲਾ ਕਰ ਸਕਦੇ ਹਨ ਕਿ ਕੀ ਇੱਕ ਡਿਸਏਬਲ ਬੱਚੇ/ਬੱਚੀ ਲਈ ਉਸਦੀ ਪਲੇਸਮੈਂਟ ਵਿੱਚ ਬਦਲਾਓ ਠੀਕ ਰਹੇਗਾ, ਜਿਸਨੇ ਸਟੂਡੈਂਟ ਕੰਨਡੱਕਟ ਕੋਡ ਦੀ ਉਲੰਘਣਾ ਆਪਣੀ ਸੈਟਿੰਗ ਤੋਂ, ਜਾਂ ਇੰਨਟਰਮ ਆਲਟਰਨੇਟਿਵ ਐਜੂਕੇਸ਼ਨ ਸੈਟਿੰਗ ਤੋਂ, ਜਾਂ ਹੋਰ ਸੈਟਿੰਗ ਤੋਂ ਕੀਤੀ ਹੋਵੇ, ਜਾਂ 10 ਤੋਂ ਜਿਅਅਦਾ ਸਕੂਲੀ ਸਿਨਾ ਲਈ ਸਸਪੈਂਡ ਨਾ ਹੋਇਆ ਹੋਵੇ; ਜਾਂ ਉਸੇ ਸਕੂਲੀ ਸਾਲ ਵਿੱਚ 10 ਤੋਂ ਜਿਆਦਾ ਸਕੂਲੀ ਦਿਨਾ ਲਈ, ਕਿਸੇ ਹੋਰ ਦੁਰਵਿਵਹਾਰ ਲਈ ਸਕੂਲੋਂ ਨਾ ਕੱਢਿਆ ਗਿਆ ਹੋਵੇ।

### 10 ਜਾਂ ਜਿਆਦਾ ਸਕੂਲੀ ਦਿਨਾ ਲਈ ਸਕੂਲੋਂ ਕੱਢਣ ਤੋਂ ਬਾਅਦ ਕੀ ਹੋਵੇਗਾ?

ਇੱਕ ਡਿਸਏਬਲ ਬੱਚੇ/ਬੱਚੀ ਦੇ ਉਸਦੀ ਹੁਣ ਦੀ ਪਲੇਸਮੈਂਟ ਵਿੱਚੋਂ ਉਸੇ ਸਕੂਲੀ ਸਾਲ ਵਿੱਚ 10 ਸਕੂਲੀ ਦਿਨਾ ਲਈ ਕੱਢੇ ਜਾਣ ਤੋਂ ਬਾਅਦ, ਜਿੰਨੇ ਵੀ ਦਿਨਾਂ ਲਈ ਕੱਢਿਆ ਜਾਵੇ, ਪਬਲਿਕ ਏਜੰਸੀ ਲਈ ਉਸ ਬੱਚੇ/ਬੱਚੀ ਲਈ ਸੇਵਾਵਾਂ ਪ੍ਰਦਾਨ ਕਰਨੀਆਂ ਜ਼ਰੂਰੀ ਹਨ ਤਾਂ ਕਿ ਉਹ ਜਨਰਲ ਪਾਠਪ੍ਰਣਾਲੀ ਵਿੱਚ ਤਰੱਕੀ ਕਰ ਸਕੇ ਅਤੇ ਅਗਾਂਹ ਦੇ ਗੋਲ ਸੈੱਟ ਕਰਨ ਲਈ ਆਈ ਈ ਪੀ ਮੀਟਿੰਗ ਰੱਖੀ ਜਾਵੇ, ਨਾਲ ਹੀ ਉਸ ਬੱਚਾ/ਬੱਚੀ ਦੀ ਫੰਕਸ਼ਨਲ ਬੀਹੇਵੀਅਰਲ ਅਸੈਸਮੈਂਟ ਵੀ ਕੀਤੀ ਜਾਵੇਗੀ ਜੋ ਉਸਦੇ ਵਿਉਹਾਰ ਸਬੰਧੀ ਨਿਯਮਾਂ ਦੀ ਉਲੰਘਣਾ ਨਾਲ ਸਬੰਧਿਤ ਹੋਵੇਗੀ ਤਾਂ ਕਿ ਇਸ ਤਰਾਂ ਦਾ ਵਿਉਹਾਰ ਦੁਬਾਰਾ ਨਾ ਹੋਵੇ।

ਜੇ ਵਿੱਦਿਆਰਥੀ ਦਸ (10) ਦਿਨ ਲਈ ਇਸ ਪਲੇਸਮੈਂਟ ਵਿੱਚ ਰਹੇ, ਤਾਂ ਇੱਕ ਆਈ ਈ ਪੀ ਮੀਟਿੰਗ ਲਾਜ਼ਮੀ ਤੌਰ ਤੇ ਅਯੋਜਿਤ ਕੀਤੀ ਜਾਵੇ ਅਤੇ ਇਸ ਗਲ ਦਾ ਫੈਸਲਾ ਕੀਤਾ ਜਾਵੇ ਕਿ ਕੀ ਇਹ ਦੁਰਵਿਹਾਰ ਉਸਦੀ ਡਿਸਅਬਿਲਟੀ ਕਾਰਨ ਤਾਂ ਨਹੀਂ ਹੈ। ਇਹ ਆਈ ਈ ਪੀ ਮੀਟਿੰਗ ਤੁਰੰਤ ਹੋਣੀ ਚਾਹੀਦੀ ਹੈ, ਜੇਕਰ ਮੁਮਕਿਨ ਹੋ ਸਕੇ ਤਾਂ ਲੋਕਲ ਐਜੂਕੇਸ਼ਨ ਏਜੈਂਸੀ ਵਲੋਂ ਡਿਸਿਪਲਿਨ ਸਬੰਧੀ ਕਾਰਵਾਈ ਕਰਨ ਦੇ ਫੈਸਲੇ ਦੇ ਦਸ ਦਿਨਾਂ ਦੇ ਵਿੱਚ-ਵਿੱਚ ਅਯੋਜਿਤ ਕੀਤੀ ਜਾਣੀ ਚਾਹੀਦੀ ਹੈ।

ਇਸ ਆਈ ਈ ਪੀ ਵਿੱਚ ਹਿੱਸਾ ਲੈਣ ਲਈ ਮਾਪੇ ਨੂੰ ਇੱਕ ਟੀਮ ਮੈਂਬਰ ਦੇ ਤੌਰ ਤੇ ਸੱਦਾ ਦਿੱਤਾ ਜਾਵੇ। ਜੋ ਭੀ ਕਾਰਵਾਈ ਕੀਤੀ ਜਾਣੀ ਹੈ ਉਸਦੇ ਬਾਰੇ ਮਾਪੇ ਨੂੰ ਲਾਜ਼ਮੀ ਤੌਰ ਤੇ ਲਿਖਤੀ ਨੋਟਿਸ ਪਹਿਲਾਂ ਭੇਜਿਆ ਜਾਵੇ। ਹੋ ਸਕਦਾ ਹੈ ਇਸ ਦੁਰਵਿਹਾਰ ਨੂੰ ਸੰਬੋਧਨ ਕਰਨ ਲਈ ਲੋਕਲ ਐਜੂਕੇਸ਼ਨ ਏਜੈਂਸੀ ਇਕ ਅਸੈਸਮੈਂਟ ਪਲੈਨ ਤਿਆਰ ਕਰੇ, ਜਾਂ ਜੇ ਵਿੱਦਿਆਰਥੀ ਲਈ ਇੱਕ ਬਿਹੇਵਿਅਰ ਇਟਰਵੈਨਸ਼ਨ ਪਲੈਨ ਪਹਿਲਾਂ ਹੀ ਹੈ ਤਾਂ ਲੋੜ ਅਨੁਸਾਰ ਉਸ ਤੇ ਵਿਚਾਰ ਕਰਕੇ ਉਸ ਵਿੱਚ ਸੰਸ਼ੋਧਨ ਕੀਤਾ ਜਾਵੇ।

## ਜੇਕਰ ਆਈ ਈ ਪੀ ਟੀਮ ਇਹ ਪੱਕਾ ਫੈਸਲਾ ਕਰਦੀ ਹੈ ਕਿ ਇਹ ਦੁਰਵਿਵਹਾਰ ਕਿਸੇ ਡਿਸਅਬਿਲਿਟੀ ਕਾਰਨ ਨਹੀਂ ਹੈ ਤਾਂ ਕੀ ਹੋਵੇਗਾ?

ਜੇਕਰ ਆਈ ਈ ਪੀ ਟੀਮ ਫੈਸਲਾ ਕਰਦੀ ਹੈ ਕਿ ਇਸ ਦੁਰਵਿਹਾਰ ਦਾ ਸੰਬੰਧ(ਮੈਨੀਫੈਸਟੇਸ਼ਨ)ਉਸਦੀ ਡਿਸਅਬਿਲਿਟੀ ਨਾਲ ਨਹੀ ਹੈ ਤਾਂ ਸਕੂਲ ਡਿਸਟ੍ਰਿਕਟ ਬੱਚੇ ਦੇ ਬਰਖਲਾਫ ਡਿਸਿਪਲਿਨ ਦੀ ਕਾਰਵਾਈ ਕਰੇਗਾ, ਜਿਸ ਤਰ੍ਹਾਂ ਕਿ ਸਕੂਲ ਜਾਂ ਡਿਸਟ੍ਰਿਕਟ ਚੋਂ ਕੱਢਣਾ, ਉਸ ਵਿਦਿਆਰਥੀ ਨੂੰ ਉਸੇ ਤਰੀਕੇ ਨਾਲ ਕੱਢਿਆ ਜਾਵੇ ਜਿਸ ਤਰੀਕੇ ਨਾਲ ਡਿਸਅਬਿਲਟੀ ਤੋਂ ਬਗੈਰ ਵਾਲੇ ਵਿੱਦਿਆਰਥੀ ਨੂੰ ਕੱਢਿਆ ਜਾਂਦਾ ਹੈ।

ਜੇਕਰ ਆਪਜੀ ਆਈ ਈ ਪੀ ਟੀਮ ਦੇ ਫੈਸਲੇ ਨਾਲ ਸਹਿਮਤ ਨਹੀਂ ਹੋ, ਤਾਂ ਕੇਸ ਨੂੰ ਛੇਤੀ ਨਬੇੜਨ ਲਈ ਆਪਜੀ ਇੱਕ ਕਨੂੰਨੀ ਸੁਨਵਾਈ ਦੀ ਕਾਰਵਾਈ ਕਰਨ ਲਈ ਬੇਨਤੀ ਕਰ ਸਕਦੇ ਹੋ, ਜੋ ਆਪਜੀ ਦੇ ਸੁਣਵਾਈ ਦੀ ਬੇਨਤੀ ਕਰਨ ਤੋਂ 20 ਸਕੂਲੀ ਦਿਨਾਂ ਦੇ ਵਿੱਚ –ਵਿੱਚ ਪੂਰੀ ਹੋਣੀ ਚਾਹੀਦੀ ਹੈ।

ਸੈਟਿੰਗ ਭਾਵੇਂ ਕੋਈ ਵੀ ਹੋਵੇ, ਲੋਕਲ (ਸਥਾਨਕ) ਐਜੂਕੇਸ਼ਨ ਏਜੰਸੀ ਨੂੰ ਆਪਜੀ ਦੇ ਬੱਚੇ/ਬੱਚੀ ਨੂੰ ਫਰੀ ਐਪਰੋਪਰੀਏਟ ਪਬਲਿਕ ਐਜੂਕੇਸ਼ਨ ਦੀਆਂ ਸੇਵਾਵਾਂ ਜ਼ਰੂਰ ਪ੍ਰਦਾਨ ਕਰਨੀਆਂ ਪੈਣਗੀਆਂ। ਆਲਟਰਨੇਟਿਵ ਐਜੂਕੇਸ਼ਨਲ ਸੈਟਿੰਗ, ਵਿੱਦਿਆਰਥੀ ਨੂੰ ਜਨਰੱਲ ਪਾਠਕ੍ਰਮ ਵਿੱਚ ਲਗਾਤਾਰ ਜਨਰਲ ਐਜੂਕੇਸ਼ਨ ਪਾਠਕ੍ਰਮ ਉਪਲੱਬਧ ਕਰਵਾਉਣ, ਬੱਚੇ ਦੀ ਆਈ ਈ ਪੀ ਵਿੱਚ ਜੋ ਸੇਵਾਂਵਾਂ ਅਤੇ ਮੌਡੀਫਿਕੇਸ਼ਨਾਂ(ਸੱਸ਼ੋਧਨ)ਦੀ ਉਪਲੱਬਧੀ ਕਰਵਾਉਣ ਬਾਰੇ ਲਿਖਿਆ ਹੋਇਆ ਹੈ ਉਸਨੂੰ ਉਹੀ ਸੇਵਾਵਾਂ ਅਤੇ ਮੌਡੀਫਿਕੇਸ਼ਨਾਂ ਉਪਲੱਬਧ ਕਰਵਾਈਆਂ ਜਾਣ।

## ਸਟੇਟ ਦੇ ਸਪੈਸ਼ਲ ਸਕੂਲ

ਸਟੇਟ ਦੇ ਸਪੈਸ਼ਲ ਸਕੂਲ ਉਹਨਾ ਵਿਦਿਆਰਥੀਆਂ ਨੂੰ ਸੇਵਾਵਾਂ ਪ੍ਰਦਾਨ ਕਰਦੇ ਹਨ ਜੋ ਬੋਲੇ ਹਨ, ਜਾਂ ਉਹਨਾ ਨੂੰ ਘੱਟ ਸੁਣਾਈ ਦਿੰਦਾ ਹੈ, ਅੰਧੇ ਹਨ ਜਾਂ ਦ੍ਰਿਸ਼ਟ ਰੂਪ ਵਿੱਚ ਕਮਜ਼ੋਰ ਹਨ, ਜਾਂ ਬੋਲੇ-ਅੰਧੇ ਜਾਂ ਤਿੰਨੋਂ ਹੀ ਸਹੂਲਤਾਂ ਤੋਂ ਸੱਖਣੇ ਹਨ: ਕੈਲੀਫੋਰਨੀਆਂ ਸਕੂਲਜ਼ ਫਾਰ ਡੈਫ, ਜੋ ਫਰੀਮੋਂਟ ਅਤੇ ਰਿਵਰਸਾਈਡ ਵਿੱਚ ਹਨ, ਅਤੇ ਕੈਲੀਫੋਰਨੀਆਂ ਸਕੂਲਜ਼ ਆਫ ਬਲਾਂਈਂਡ, ਜੋ ਫਰੀਮੋਂਟ ਵਿੱਚ ਹੈ। ਰਿਹਾਇਸ਼ ਵਾਲੇ ਅਤੇ ਰੋਜ਼ਾਨਾ ਸਕੂਲੀ ਪ੍ਰੋਗਰਾਮ ਮੁਢਲੀ ਅਵਸਥਾ ਤੋਂ 21 ਸਾਲ ਦੀ ਉਮਰ ਤੱਕ ਦੇ ਬੋਲੇ ਵਿਦਿਆਰਥੀਆਂ ਦੋਨਾ ਸਟੇਟ ਸਕੂਲਾਂ ਵਿੱਚ ਲਈ ਪ੍ਰਦਾਨ ਕੀਤੇ ਜਾਂਦੇ ਹਨ, ਅਤੇ 5 ਸਾਲ ਤੋਂ 21 ਸਾਲ ਤੱਕ ਕੈਲੀਫੋਰਨੀਆਂ ਸਕੂਲ ਆਫ ਬਲਾਂਈਂਡ ਵਿੱਚ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਸਟੇਟ ਸੇ ਸਪੈਸ਼ਲ ਸਕੂਲਾਂ ਵਿੱਚ ਅਸੇਸਮੈਂਟ ਦੀਆਂ ਸੇਵਾਵਾਂ ਅਤੇ ਟੈਕਨੀਕਲ ਸਹਾਇਤਾ ਵੀ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਸਟੇਟ ਦੇ ਸਪੈਸ਼ਲ ਸਕੂਲਾਂ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਆਪ ਆਪਣੇ ਬੱਚੇ/ਬੱਚੀ ਦੀ ਆਈ ਈ ਪੀ ਟੀਮ ਤੋਂ ਪੁਛ ਸਕਦੇ ਹੋ ਜਾਂ ਐਜੂਕੇਸ਼ਨ ਡੀਪਾਰਟਮੈਂਟ ਦੀ ਵੈੱਬ ਸਾਈਟਤੇ ਜਾ ਸਕਦੇ ਹੋ: http://www.cde.ca.gov/sp/ss/

## ਪ੍ਰਾਈਵੇਟ ਸਕੂਲ ਜਾਣ ਵਾਲੇ ਬੱਚਿਆਂ ਲਈ

### ਜਿਹੜੇ ਵਿੱਦਿਆਰਥੀ ਆਪਣੇ ਮਾਪਿਆਂ ਦੀ ਆਪਣੀ ਮਰਜ਼ੀ ਨਾਲ ਪ੍ਰਾਈਵੇਟ ਸਕੂਲ ਵਿੱਚ ਦਾਖਲ ਹੁੰਦੇ ਹਨ, ਕੀ ਉਹਨਾ ਨੂੰ ਪਬਲਿਕ ਦੇ ਖਰਚੇ ਤੇ ਸਪੇਸ਼ਲ ਐਜੂਕੇਸ਼ਨ ਦੀਆਂ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਸਕਦੀਆਂ ਹਨ?

ਜਿਹੜੇ ਵਿੱਦਿਆਰਥੀ ਆਪਣੇ ਮਾਪਿਆਂ ਦੀ ਆਪਣੀ ਮਰਜ਼ੀ ਨਾਲ ਪ੍ਰਾਈਵੇਟ ਸਕੂਲ ਵਿੱਚ ਦਾਖਲ ਹੁੰਦੇ ਹਨ, ਉਹਨਾ ਨੂੰ ਪਬਲਿਕ ਦੇ ਖਰਚੇ ਤੇ ਸਪੇਸ਼ਲ ਐਜੂਕੇਸ਼ਨ ਦੀਆਂ ਸੇਵਾਵਾਂ ਪਰਦਾਨ ਕੀਤੀਆਂ ਜਾ ਸਕਦੀਆਂ ਹਨ। ਇਹ ਸੇਵਾਵਾਂ ਪ੍ਰਦਾਨ ਕਰਨ ਤੋਂ ਪਹਿਲਾਂ ਲੋਕਲ (ਸਥਾਨਕ) ਐਜੂਕੇਸ਼ਨ ਏਜੰਸੀ ਨੂੰ ਪ੍ਰਾਈਵੇਟ ਸਕੂਲ ਅਤੇ ਮਾਪਿਆਂ ਨਾਲ ਸਲਾਹ ਕਰਨੀ ਪਵੇਗੀ। ਭਾਵੇਂ ਸਕੂਲ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਡਿਸਏਬਲ ਬੱਚੇ/ਬੱਚੀ ਨੂੰ ਫਰੀ ਐਪਰੋਪਰੀਏਟ ਪਬਲਿਕ ਸੇਵਾਵਾਂ ਪ੍ਰਦਾਨ ਕਰੇ, ਪਰ ਉਹੀ ਬੱਚੇ/ਬੱਚੀਆਂ ਜਦੋਂ ਆਪਣੇ ਮਾਪਿਆਂ ਦੀ ਮਰਜ਼ੀ ਨਾਲ ਕਿਸੇ ਪ੍ਰਾਈਵੇਟ ਸਕੂਲ ਵਿੱਚ ਦਾਖਲ ਹੁੰਦੇ ਹਨ, ਤਾਂ ਉਹਨਾ ਦਾ ਸਾਰੀਆਂ ਜਾਂ ਕੁਝ ਸਪੈਸ਼ਲ ਐਜੂਕੇਸ਼ਨ, ਅਤੇ ਫਰੀ ਐਪਰੋਪਰੀਏਟ ਪਬਲਿਕ ਸੇਵਾਵਾਂ ਪ੍ਰਾਪਤ ਕਰਨ ਦਾ ਅਧਿਕਾਰ ਨਹੀਂ ਰਹਿੰਦਾ।

ਜਿਹਨਾ ਮਾਪਿਆਂ ਦੇ ਬੱਚਿਆਂ ਨੂੰ ਲੋਕਲ (ਸਥਾਨਕ) ਐਜੂਕੇਸ਼ਨ ਏਜੰਸੀ ਦੇ ਅਧੀਨ ਅਪੈਸ਼ਲ ਐਜੂਕੇਸ਼ਨ ਅਤੇ ਸਬੰਧਿਤ ਸੇਵਾਵਾਂ ਮਿਲਦੀਆਂ ਰਹੀਆਂ ਹੋਣ, ਉਹਨਾ ਬੱਚਿਆਂ ਨੂੰ ਮਾਪੇ ਲੋਕਲ ਐਜੂਕੇਸ਼ਨ ਐਜੂਕੇਸ਼ਨ ਏਜੈਂਸੀ ਦੀ ਸਹਿਮਤੀ ਤੋਂ ਬਿਨਾ ਕਿਸੇ ਪ੍ਰਾਈਵੇਟ ਸਕੂਲ ਵਿੱਚ ਦਾਖਲ ਕਰਵਾਉਂਦੇ ਹਨ ਤਾਂ ਲੋਕਲ (ਸਥਾਨਕ) ਐਜੂਕੇਸ਼ਨ ਏਜੰਸੀ ਲਈ ਉਹਨਾ ਬੱਚਿਆਂ ਨੂੰ ਫਰੀ ਐਪਰੋਪਰੀਏਟ ਪਬਲਿਕ ਸੇਵਾਵਾਂ ਪ੍ਰਦਾਨ ਕਰਨੀਆਂ ਜ਼ਰੂਰੀ ਨਹੀਂ ਹਨ। ਕੋਰਟ ਜਾਂ ਸੁਣਵਾਈ ਅਫਸਰ ਇਸ ਗਲ ਦਾ ਪਤਾ ਲਗਾਉਣਗੇ ਕਿ ਲੋਕਲ (ਸਥਾਨਕ) ਐਜੂਕੇਸ਼ਨ ਏਜੰਸੀ ਨੇ ਸਮੇਂ ਤੇ ਫਰੀ ਐਪਰੋਪਰੀਏਟ ਪਬਲਿਕ ਐਜੂਕੇਸ਼ਨ ਲਈ ਪੇਸ਼ਕਾਰੀ ਨਹੀਂ ਕੀਤੀ ਤਾਂ ਉਹ ਲੋਕਲ (ਸਥਾਨਕ) ਐਜੂਕੇਸ਼ਨ ਏਜੰਸੀ ਨੂੰ ਫੈਸਲਾ ਦੇਣਗੇ ਕਿ ਉਸ ਬੱਚੇ/ਬੱਚੀ ਦਾ ਪ੍ਰਾਈਵੇਟ ਸਕੂਲ ਵਿੱਚ ਜਾਣਾ ਵਾਜਿਬ ਸੀ ਅਤੇ ਪ੍ਰਾਈਵੇਟ ਸਕੂਲ ਵਿੱਚ ਦਾਖਲ ਵਿੱਦਿਆਰਥੀ ਦੀ ਸਪੈਸ਼ਲ ਐਜੂਕੇਸ਼ਨ ਦਾ ਖਰਚਾ ਦੇਵੇ।

### ਕੀ ਮੈਨੂੰ ਲੋਕਲ (ਸਥਾਨਕ) ਐਜੂਕੇਸ਼ਨ ਏਜੰਸੀ ਨੂੰ ਦੱਸਣਾ ਪਵੇਗਾ ਕਿ ਮੇਰਾ ਇਰਾਦਾ ਆਪਣੇ ਬੱਚੇ/ਬੱਚੀ ਨੂੰ ਪ੍ਰਾਈਵੇਟ ਸਕੂਲ ਵਿੱਚ ਦਾਖਲ ਕਰਵਾਉਣ ਦਾ ਹੈ?

ਜੀ ਹਾਂ, ਪਬਲਿਕ ਸਕੂਲ ਚੋਂ ਵਿੱਦਿਆਰਥੀ ਨੂੰ ਕੱਡਣ ਤੋਂ ਪਹਿਲਾਂ ਮਾਪਿਆਂ ਲਈ ਲਾਜ਼ਮੀ ਹੈ ਕਿ ਉਹ ਲੋਕਲ (ਸਥਾਨਕ) ਐਜੂਕੇਸ਼ਨ ਏਜੰਸੀ ਨੂੰ ਜਾਂ ਆਈ ਈ ਪੀ ਮੀਟਿੰਗ ਸਮੇਂ ਲਿਖਤੀ ਰੂਪ ਵਿੱਚ ਘੱਟ ਤੋਂ ਘੱਟ10 ਬਿਜ਼ਨਿਸ ਦਿਨ ( ਛੁਟੀਆਂ ਸਮੇਤ) ਪਹਿਲਾਂ ਨੋਟਿਸ ਦੇਣ।

### ਖਰਚੇ ਗਏ ਪੈਸੇ ਦੀ ਵਾਪਸੀ ਲਈ ਕਟੌਤੀ ਜਾਂ ਮਨਾਹੀ ਕਦੋਂ ਨਹੀਂ ਹੋ ਸਕਦੀ ?

ਕੋਰਟ ਜਾਂ ਸੁਣਵਾਈ ਅਫਸਰ ਖਰਚੇ ਗਏ ਸਾਰੇ ਪੈਸੇ ਵਾਪਿਸ ਦੇਣ ਲਈ ਕਹਿ ਸਕਦੇ ਹਨ ਜਾਂ ਖਰਚੇ ਕੀਤੇ ਪੈਸਿਆਂ ਵਿੱਚ ਹੇਠ ਲਿਖੇ ਕਾਰਨਾ ਕਰਕੇ ਕਟੌਤੀ ਕਰਨ ਤੋਂ ਮਨ੍ਹਾ ਕਰ ਸਕਦੇ ਹਨ:

- ਸਕੂਲ ਵਾਲਿਆਂ ਨੇ ਨੋਟਿਫਿਕੇਸ਼ਨ ਦੇਣ ਤੋਂ ਰੋਕਿਆ; ਜਾਂ
- ਲੋਕਲ ਐਜੂਕੇਸ਼ਨ ਏਜੈਂਸੀ ਨੇ ਪ੍ਰੋਸੀਜਰਲ ਸੇਫਗਾਰਡਜ਼ ਦਾ ਨੋਟਿਸ ਨਹੀਂ ਦਿੱਤਾ ਜਾਂ ਮਾਪਿਆਂ

ਨੂੰ ਇਸ ਲੋੜ ਦੀ ਜਾਣਕਾਰੀ ਦਾ ਨੋਟਿਸ ਨਹੀਂ ਭੇਜਿਆ।

- ਜੇਕਰ ਤਾਮੀਲ ਕਰਨ ਨਾਲ ਤਾਂ ਹੋ ਸਕਦਾ ਹੈ ਕਿ ਵਿੱਦਿਆਰਥੀ ਨੂੰ ਸਰੀਰਕ ਤੌਰ ਤੇ ਨੁਕਸਾਨ ਪਹੁੰਚਦਾ;
- ਅਨਪੜ੍ਹਤਾ, ਅਤੇ ਲਿਖਣ ਦੀ ਅਯੋਗਤਾ;
- ਜੇਕਰ ਤਾਮੀਲ ਕਰਨ ਨਾਲ ਤਾਂ ਹੋ ਸਕਦਾ ਹੈ ਕਿ ਵਿੱਦਿਆਰਥੀ ਨੂੰ ਭਾਵਾਤਮਿਕ ਤੌਰ ਤੇ ਨੁਕਸਾਨ ਪਹੁੰਚਦਾ।

## ਕੀ ਡਿਸਟ੍ਰਿਕਟ ਮੇਰੇ ਬੱਚੇ/ਬੱਚੀ ਦਾ ਪ੍ਰਾਈਵੇਟ ਸਕੂਲ ਸੈਟਿੰਗ ਵਿੱਚ ਨਿਰੀਖਣ ਕਰ ਸਕਦਾ ਹੈ?

ਜੇਕਰ ਮਾਪੇ ਆਪਣੀ ਮਰਜ਼ੀ ਨਾਲ ਅਪਣੇ ਬੱਚੇ ਨੂੰ ਨੌਨਪਬਲਿਕ ਸਕੂਲ ਵਿੱਚ ਪਾ ਦੇਣ ਅਤੇ ਚਾਹੁਣ ਕਿ ਉਸਦਾ ਖਰਚਾ ਪਬਲਿਕ ਦੇਵੇ, ਤਾਂ ਲੋਕਲ (ਸਥਾਨਕ) ਐਜੂਕੇਸ਼ਨ ਏਜੰਸੀ ਨੂੰ ਨੂੰ ਤਜਵੀਜ਼ ਕੀਤੀ ਗਈ ਜਗ੍ਹਾ ਅਤੇ ਉਸ ਮਹੌਲ ਵਿੱਚ ਸਿਖਿਆ ਗ੍ਰਹਿਣ ਕਰਨ ਵਾਲੇ ਵਿੱਦਿਆਰਥੀ ਦਾ ਉਸ ਮਹੌਲ ਵਿੱਚ ਪਹਿਲੋਂ ਨਿਰੀਖਨ ਕਰਨ ਦਾ ਮੌਕਾ ਦਿੱਤਾ ਜਾਵੇ। ਲੋਕਲ (ਸਥਾਨਕ) ਐਜੂਕੇਸ਼ਨ ਏਜੰਸੀ ਵਾਲੇ ਨੌਨ ਪਬਲਿਕ ਸਕੂਲ ਵਿੱਚ ਦੂਜੇ ਵਿੱਦਿਆਰਥੀਆਂ ਦੇ ਮਾਪੇ ਜਾਂ ਗਾਰਡੀਅਨ ਦੀ ਇਜਾਜ਼ਤ ਤੋਂ ਬਗੈਰ ਦੂਜੇ ਵਿੱਦਿਆਰਥੀਆਂ ਦਾ ਨਾ ਤਾਂ ਮੁੱਲਾਂਕਣ ਕਰ ਸਕਦੇ ਹਨ ਅਤੇ ਨਾ ਹੀ ਉਨ੍ਹਾਂਦਾ ਨਿਰੀਖਨ ਕਰ ਸਕਦੇ ਹਨ।

## ਸਟੇਟ ਵਿੱਚ ਸ਼ਿਕਾਇਤ ਦੀ ਕਾਰਵਾਈ (ਸਟੇਟ ਕੰਪਲੇਂਟ ਪ੍ਰੋਸੀਜ਼ਰ )

## ਮੈਂ ਸਟੇਟ ਵਿੱਚ ਕਿਸੇ ਦਾਸਤਾਂ ਬਾਰੇ ਸ਼ਿਕਾਇਤ ਕਦੋਂ ਕਰ ਸਕਦਾ/ਦੀ ਹਾਂ?

ਜਦੋਂ ਵੀ ਆਪਜੀ ਨੂੰ ਲੱਗਦਾ ਹੈ ਕਿ ਲੋਕਲ (ਸਥਾਨਕ) ਐਜੂਕੇਸ਼ਨ ਏਜੰਸੀ ਨੇ ਫੈਡਰਲ ਜਾਂ ਸਟੇਟ ਦੇ ਸਪੈਸ਼ਲ ਐਜੂਕੇਸ਼ਨ ਕਾਨੂੰਨ ਦੀ ਉਲੰਘਣਾ ਕੀਤੀ ਹੈ, ਆਪ ਜੀ ਸਟੇਟ ਵਿੱਚ ਸ਼ਿਕਾਇਤ ਕਰ ਸਕਦੇ ਹੋ। ਆਪਜੀ ਦੀ ਲਿਖਤੀ ਸ਼ਿਕਾਇਤ ਵਿੱਚ ਘੱਟ ਤੋਂ ਘੱਟ ਫੈਡਰਲ ਜਾਂ ਸਟੇਟ ਦੇ ਸਪੈਸ਼ਲ ਐਜੂਕੇਸ਼ਨ ਕਾਨੂੰਨ ਦੀ ਇੱਕ ਵਾਰੀ ਹੋਈ ਉਲੰਘਣਾ ਬਾਰੇ ਵਿਸਥਾਰ ਹੋਣਾ ਚਾਹੀਦਾ ਹੈ। ਇਸ ਲਿਖਤੀ ਸੂਚਨਾ ਦੇ ਕੈਲੀਫੋਰਨੀਆਂ ਡਪਿਾਰਟਮੈਂਟ ਆਫ ਐਜੂਕੇਸ਼ਨ ਤੱਕ ਪਹੁੰਚਣ ਦੀ ਤਾਰੀਖ ਦੇ ਇੱਕ ਸਾਲ ਦੇ ਵਿੱਚ-ਵਿੱਚ ਵਾਪਰੀ ਹੋਣੀ ਚਾਹੀਦੀ ਹੈ। ਆਪਜੀ ਜਿਸ ਸਮੇਂ ਕੈਲੀਫੋਰਨੀਆਂ ਡਪਿਾਰਟਮੈਂਟ ਆਫ ਐਜੂਕੇਸ਼ਨ ਨੂੰ ਸ਼ਿਕਾਇਤ ਲਿਖ ਕੇ ਭੇਜੋਗੇ, ਉਸੇ ਸਮੇਂ ਆਪਜੀ ਨੂੰ ਇੱਕ ਕਾਪੀ ਲੋਕਲ (ਸਥਾਨਕ) ਐਜੂਕੇਸ਼ਨ ਏਜੰਸੀ ਨੂੰ ਵੀ ਭੇਜਣੀ ਪਵੇਗੀ।

ਫੈਡਰਲ ਜਾਂ ਸਟੇਟ ਦੇ ਸਪੈਸ਼ਲ ਐਜੂਕੇਸ਼ਨ ਕਾਨੂੰਨ ਦੀ ਉਲੰਘਣਾ ਆਪਜੀ ਹੇਠ ਲਿਖੇ ਪਤੇ ਤੇ ਮੇਲ ਕਰ ਸਕਦੇ ਹੋ:

ਕੈਲੀਫੋਰਨੀਆਂ ਡੀਪਾਰਟਮੈਂਟ ਆਫ ਐਜੂਕੇਸ਼ਨ<br>
ਸਪੈਸ਼ਲ ਐਜੂਕੇਸ਼ਨ ਡਵਿਜਨ<br>
ਪ੍ਰੋਸੀਜਰਲ ਸੇਫਗਾਰਡ ਰੀਫਰਲ ਸਰਵਿਸ<br>
1430 ਐਨ ਸਟਰੀਟ, ਸੁਈਟ 2401<br>
ਸੈਕਰਾਮੈਂਟੋ, ਕੈਲੀਫੋਰਨੀਆਂ 95814

ਜੋ ਸ਼ਿਕਾਇਤਾਂ ਫੈਡਰਲ ਅਤੇ ਸਟੇਟ ਕਾਨੂੰਨ ਨਾਲ ਸਬੰਧਿਤ ਨਹੀਂ ਹਨ, ਉਹਨਾ ਲਈ ਡਿਸਟ੍ਰਿਕਟ ਯੂਨੀਫਾਰਮ ਕੰਪਲੇਂਟ ਪ੍ਰੋਸੀਜ਼ਰ ਨਾਲ ਗੱਲ ਕਰੋ।

ਹੋਰ ਜਾਣਕਾਰੀ ਲਈ ਕਿ ਮੁਸ਼ਕਿਲ ਦਾ ਹੱਲ ਕਿਵੇਂ ਕੀਤਾ ਜਾਵੇ, ਸ਼ਿਕਾਇਤ ਕਿਵੇਂ ਦਰਜ ਕਰਵਾਈ ਜਾਵੇ, ਕੈਲੀਫੋਰਨੀਆਂ ਡੀਪਾਰਟਮੈਂਟ ਆਫ ਐਜੂਕੇਸ਼ਨ ਨਾਲ ਸੰਪਰਕ ਕਰੋ:

ਸਪੈਸ਼ਲ ਐਜੂਕੇਸ਼ਨ ਡਵਿਜਨ<br>
ਸਪੈਸ਼ਲ ਐਜੂਕੇਸ਼ਨ ਡਵਿਜਨ<br>
ਪ੍ਰੋਸੀਜਰਲ ਸੇਫਗਾਰਡ ਰੀਫਰਲ ਸਰਵਿਸ<br>
1430 ਐਨ ਸਟਰੀਟ, ਸੁਈਟ 2401<br>
ਸੈਕਰਾਮੈਂਟੋ, ਕੈਲੀਫੋਰਨੀਆਂ 95814

ਸੁਨੇਹਾ ਭਰਨ ਲਈ -(800) 926-0648<br>
ਫੈਕਸ (916) 327-3704

http://www.cde.ca.gov/sp/ss/

## ਡਿਸਟ੍ਰਿਕਟ ਨਾਲ ਸੰਪਰਕ ਕਰਨ ਬਾਰੇ ਜਾਣਕਾਰੀ

ਕ੍ਰਿਪਾ ਕਰਕੇ ਸਪੈਸ਼ਲ ਐਜੂਕੇਸ਼ਨ ਐਡਮਿਨਿਸਟਰੇਟਰ ਜਾਂ ਉਨ੍ਹਾਂ ਵਲੋਂ ਨਿਯੁਕਤ ਕੀਤੀ ਗਈ ਸ਼ਖਸੀਅਤ ਨੂੰ ਹੇਠ ਲਿਖੇ ਨੰਬਰਾਂ ਤੇ ਫੋਨ ਕਰ, ਜੇਕਰ ਆਪਜੀ ਨੇ ਅਪਣੇ ਹੱਕ ਜਾਂ ਅਧਿਨਿਯਮ , ਪ੍ਰੋਸੀਜਰਲ ਸੇਫਗਾਰਡਜ਼(ਕਾਰਜ- ਪ੍ਰਣਾਲੀ ਦੇ ਅਧਿਨਿਯਮਾਂ) ਸਮਝਣੇ ਹੋਣ, ਜਾਂ ਮੂੰਹ ਜ਼ਬਾਨੀ ਅਨੁਵਾਦ ਕਰਨ ਵਾਲੇ ਦੀ ਲੋੜ ਹੈ, ਜਾਂ ਗਲਬਾਤ ਕਰਨ ਲਈ ਦੂਜੇ ਤਰੀਕਿਆਂ ਰਾਹੀਂ ਜਾਂ ਦੂਜੀਆਂ ਭਾਸ਼ਾਵਾ ਵਿੱਚ ਅਨੁਵਾਦ ਦੀ ਲੋੜ ਹੈ।

| **ਡਿਸਟ੍ਰਿਕਟ** | **ਫੋਨ ਨੰਬਰ** |
|---|---|
| ਬ੍ਰਿਟਨ ਐਲੀਮੈਂਟਰੀ ਸਕੂਲ ਡਿਸਟ੍ਰਿਕਟ | 530-822-5155 |
| ਬਰਉਨਜ਼ ਐਲੀਮੈਂਟਰੀ ਸਕੂਲ ਡਿਸਟ੍ਰਿਕਟ | 530-633-2523 |
| ਈਸਟ ਨਿਕਲੱਸ ਜੌਇੰਟ ਯੂਨੀਅਨ ਹਾਈ ਸਕੂਲ ਡਿਸਟ੍ਰਿਕਟ | 530-656-2255 |
| ਫ੍ਰੈਂਕਲਿਨ ਐਲੀਮੈਂਟਰੀ ਸਕੂਲ ਡਿਸਟ੍ਰਿਕਟ | 530-822-5151 |
| ਲਾਈਵ ਓਕ ਯੂਨੀਫਾਈਡ ਸਕੂਲ ਡਿਸਟ੍ਰਿਕਟ | 530-695-5400 |
| ਮਾਰਕੱਮ-ਇਲਿਨੌਏ ਯੂਨੀਅਨ ਸਕੂਲ ਡਿਸਟ੍ਰਿਕਟ | 530-656-2407 |
| ਮਰਿਡੀਅਨ ਐਲੀਮੈਂਟਰੀ ਸਕੂਲ ਡਿਸਟ੍ਰਿਕਟ | 530-696-2604 |
| ਨੁਐਸਤਰੋ ਐਲੀਮੈਂਟਰੀ ਸਕੂਲ ਡਿਸਟ੍ਰਿਕਟ | 530-822-5100 |
| ਪਲੈਜ਼ੈਂਟ ਗਰੋਵ ਜੌਇੰਟ ਯੂਨੀਅਨ ਸਕੂਲ ਡਿਸਟ੍ਰਿਕਟ | 530-655-3235 |
| ਸਟਰ ਯੂਨੀਅਨ ਹਾਈ ਸਕੂਲ ਡਿਸਟ੍ਰਿਕਟ | 530-822-5161 |
| ਵਿਨਸ਼ਿਪ ਐਲੀਮੈਂਟਰੀ ਸਕੂਲ ਡਿਸਟ੍ਰਿਕਟ | 530-696-2451 |
| ਯੂਬਾ ਸਿਟੀ ਯੂਨੀਫਾਇਡ ਸਕੂਲ ਡਿਸਟ੍ਰਿਕਟ | 530-822-5200 |
| ਯੂਬਾ ਸਿਟੀ ਚਾਰਟਰ ਸਕੂਲ | 530-674-1322 |

| **ਕਉਂਟੀ ਔਫਿਸ** | **ਫੋਨ ਨੰਬਰ** |
|---|---|
| ਸਟਰ ਕਉਂਟੀ ਆਫਿਸ ਆਫ ਐਜੂਕੇਸ਼ਨ-ਸਪੈਸ਼ਲ ਐਜੂਕੇਸ਼ਨ | 530-822-2908 |
| ਸਟਰ ਕਉਂਟੀ ਸੈਲਪਾ(SELPA) ਆਫਿਸ | 530-822-2907 |